## ਸ਼ਸਤਰਾਂ ਦੀ ਪੂਜਾ

ਕਈ ਪ੍ਰੇਮੀ ਸਜਨ ਦਰਸ਼ਨਾਂ ਨੂੰ ਆਏ ਹੋਏ ਪੁਛਦੇ ਹਨ ਕਿ ਸ਼ਸਤ੍ਰ ਗੁਰੂ ਗ੍ਰਿੰਥ ਸਾਹਿਬ ਦੀ ਤਾਬਿਆ ਰਖੇ ਜਾਂਦੇ ਹਨ । ਇੱਥੇ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਨਾਲੋਂ ਉੱਚੀ ਜਗ੍ਹਾ ਰਖਕੇ ਸੇਵਾ ਪੂਜਾ ਹੁੰਦੀ ਹੈ । ਇਸ ਦਾ ਕੀ ਮਤਲਬ? ਏਹ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਹੁੰਦੀ ਹੈ ਕਿ ਆਪਣੇ ਮਨ ਦੇ ਖ਼ਿਆਲਾਂ ਦੁਆਰਾ ਰਖਿਆ ਹੈ? ਏਹ ਸੁਣਿ ਕੇ ਅਸਾਂ ਨੇ ਕਿਹਾ ਕਿ ਹਾਂ, ਭਾਈ ਪ੍ਰੇਮੀਓ, ਏਹ ਗੁਰੂ ਸਾਹਿਬ ਜੀ ਦੇ ਹੁਕਮ ਨਾਲ ਹੁੰਦੀ ਹੈ । ਉਨ੍ਹਾਂ ਕਿਹਾ ਕਿ ਕਿਥੇ ਲਿਖਿਆ ਹੈ? ਅਸਾਂ ਨੇ ਕਿਹਾ, "ਸੁਣੋ ਭਾਈ ਪ੍ਰੇਮੀਓ" ।

ਸ੍ਰੀ ਮੁਖਵਾਕ ਪਾ: ੧੦ ॥ ਦੋਹਰਾ ।

ਜੇ ਪੂਜਾ ਅਸਿਕੇਤ ਕੀ ਨਿੱਤ ਪ੍ਰਤਿ ਕਰੇ ਬਨਾਇ ॥ ਤਿਨ ਪਰ ਅਪਨੋ ਹਾਥ ਦੇ ਸ੍ਰੀ ਅਸਿਧੁਜ ਲੇਤ ਬਚਾਇ ॥

ਦੋਹਰਾ ॥ ਨਮਸ਼ਕਾਰ ਸ੍ਰੀ ਖੜਗ ਕੋ ਕਰੌਂ ਸੁ ਹਿਤੁ ਚਿਤੁ ਲਾਇ ॥
ਪੂਰਨ ਕਰੌਂ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ ॥ [੧]

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥ ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ ॥ [੨]

ਸੈਫ ਸਰੋਹੀ ਸ਼ਤ੍ਰ ਅਰਿ ਸਾਰੰਗਾਰਿ ਜਿਹ ਨਾਮ ॥ ਸਦਾ ਹਮਾਰੇ ਚਿਤ ਬਸੋ ਸਦਾ ਕਰੋ ਮਮਿ ਕਾਮ ॥ ੨੭ ॥
ਇਤਿ ਸ੍ਰੀ ਨਾਮ ਮਾਲਾ ਪੁਰਾਣੇ ਸ੍ਰੀ ਭਗਉਤੀ ਉਸਤਤ ਪ੍ਰਿਥਮ ਧਿਆਇ ਸਮਾਪਤਮ ਸਤੁ ਸੁਭਮ ਸਤੁ ॥ [੩]

ਟੂਕ
ਕਹਾ ਬੁੱਧ ਪ੍ਰਭ ਤੁੱਛ ਹਮਾਰੀ ॥ ਬਰਨਿ ਸਕੈ ਮਹਿਮਾ ਜੁ ਤਿਹਾਰੀ ॥ [੪]

(ਧੰਨ ਗੁਰ ਦੇਵ ਮੁਕਤ ਕੇ ਦਾਤੇ ਨਾਨਾ ਨੇਤ ਬੇਦ ਜਸ ਗਾਤੇ)

---

[੧] ਬਚਿੱਤ੍ਰ ਨਾਟਕ, ਪੰਨਾ ੩੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੨] ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ, ਪੰਨਾ ੭੧੭, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੩] ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ, ਪੰਨਾ ੭੧੮, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੪] ਬਚਿੱਤ੍ਰ ਨਾਟਕ, ਪੰਨਾ ੪੭, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਧੰਨ ਧੰਨ ਬਾਬਾ ਕਰਮ ਸਿੰਘ ਜੀ ਤੇਰੀ ਸਦਾ ਹੀ ਜੈ

ਭਾਈ ਪ੍ਰੇਮੀਓ, ਸ਼ੰਕਾਵਾਦੀਓ, ਪਿਛਲੇ ਗੁਰਵਾਕ ਵ ਮੁਖਵਾਕ ਬਾਣੀ ਦਸਮ ਪਾਤਸ਼ਾਹ ਜੀ ਫੁਰਮਾਂਉਂਦੇ ਹਨ, ' ਨਮਸ਼ਕਾਰ ਸ੍ਰੀ ਖੜਗ ਕੋ ਕਰੌਂ ਸੁ ਹਿਤੁ ਚਿਤੁ ਲਾਇ ' । ਇਹ ਤੁਕਾਂ ਦਾ ਭਾਉ ਅਰਥ ਏਹ ਹੋਆ ਕਿ ਖੜਗ ਵ ਸ਼ਸਤ੍ਰ ਨੂੰ ਮੈਂ ਚਿਤ ਲਾ ਕੇ ਨਮਸ਼ਕਾਰ ਕਰਦਾ ਹਾਂ । ਦਸ਼ਮੇਸ਼ ਪਿਤਾ ਨੂੰ ਗੁਰੂ ਨਾਨਕ ਤੋਂ ਬਿਨਾਂ, ਔਰ ਅਕਾਲ ਪੁਰਖ ਤੋਂ ਬਿਨਾਂ ਕਿਸੇ ਨੂੰ ਨਮਸ਼ਕਾਰ ਕਰਨ ਦੀ ਜ਼ਰੂਰਤ ਨਹੀਂ ਸੀ, ਕਿਉਂਕਿ ਮਹਾਰਾਜ ਜੀ ਮੁਖਵਾਕ ਬਾਣੀ ਵਿੱਚ ਫੁਰਮਾਉਂਦੇ ਹਨ:

ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ ॥ ਕਿਸ਼ਨ ਬਿਸ਼ਨ ਕਬਹੂੰ ਨਹ ਧਿਆਊਂ ॥ [੫]

ਇਸ ਵਾਸਤੇ ਉਨ੍ਹਾਂ ਨੂੰ ਕਿਸੇ ਨੂੰ ਨਮਸ਼ਕਾਰ ਕਰਨ ਦੀ ਜ਼ਰੂਰਤ ਨਹੀਂ ਸੀ । ਨਮਸਕਾਰ ਸ੍ਰੀ ਖੜਗ ਕੋ ਜੇੜ੍ਹਾ ਮਹਾਰਾਜ ਨੇ ਬਰਨੰਨ ਕੀਤਾ ਹੈ, ਉਹ ਆਪਨੀ ਸਿਖ ਸੰਗਤ, ਖ਼ਾਲਸਾ ਪੰਥ ਨੂੰ ਸਿਖਾਵਨ ਨਮਸ਼ਕਾਰ ਕੀਤੀ ਹੈ । ਭਾਉ ਅਰਥ ਕਿ ਖ਼ਾਲਸਾ, ਸਾਧ ਸੰਗਤ ਸ਼ਸਤ੍ਰਾਂ ਨੂੰ ਨਮਸ਼ਕਾਰ ਵ ਮਥਾ ਟੇਕਨਾ ਵ ਸੇਵਾ ਪੂਜਾ ਕਰਨੀ ਅੱਗੇ ਨੂੰ ਫ਼ਾਲਤੂ ਕਾਮ ਨਾ ਸਮਝ ਲੈਨ । ਇਸ ਵਾਸਤੇ ਪਹਿਲੇ ਨਮਸ਼ਕਾਰ ਕੀਤੀ । ਅੱਗੇ ਚਲਕੇ ਮਹਾਰਾਜ ਜੀ ਗੁਰੂ ਸਾਹਿਬ ਫ਼ੁਰਮਾਂਉਂਦੇ ਹਨ, 'ਏਹੀ ਹਮਾਰੇ ਪੀਰ' । ਉਨ੍ਹਾਂ ਨੂੰ ਪੀਰ ਦਾ ਦਰਜਾ ਦੇਂਦੇ ਹਨ । ਫੇਰ ਕਿਉਂ ਨਾ ਖ਼ਾਸ ਮਹਾਰਾਜ ਜੀ ਦੇ ਸ਼ਸਤ੍ਰਾਂ ਨੂੰ ਔਰ ਮਹਾਰਾਜ ਜੀ ਦੇ ਜਰਨੈਲਾਂ, ਕਰਨੈਲਾਂ ਵ ਸ਼ਹੀਦ ਸਿੰਘਾਂ ਦੇ ਸ਼ਸਤ੍ਰ ਮਹਾਰਾਜ ਜੀ ਦੇ ਹੁਕਮ ਮਾਫ਼ਕ ਉੱਚੀ ਜਗ੍ਹਾ ਰਖ ਕੇ ਸਤਿਕਾਰ ਉਨ੍ਹਾਂ ਦੀ ਸੇਵਾ ਪੂਜਾ ਕੀਤੀ ਜਾਏ ? ਤੇ ਗੁਰੂ ਆਸ਼ੇਦ ਦੇ ਉਲਟ ਕਿਸ ਤਰ੍ਹਾਂ ਹੋ ਸਕਦਾ ਹੈ ? ਮਤਲਬ ਏਹ ਹੋਆ ਕਿ ਤਖ਼ਤ ਸੱਚਖੰਡ ਹਜ਼ੂਰ ਸਾਹਿਬ ਵਿੱਚ ਜੋ ਭੀ ਪੂਜਾ ਪਾਠ ਹੋ ਰਹੀ ਹੈ, ਮਹਾਰਾਜ ਜੀ ਦੇ ਹੁਕਮ ਦੁਵਾਰਾ ਹੋ ਰਹੀ ਹੈ ।

ਏਕ ਦਫ਼ਾ ਟਿੰਡ ਬੁੰਗੇ ਤੇ ਮੈਨੇਜਰ ਗੁਰਦਵਾਰਾ ਸਚਖੰਡ ਦੇ ਰਲਾ ਸਿੰਘ ਜੀ ਆਏ ਜਿਸ ਕਾਮ ਵਾਸਤੇ ਆਏ ਸਨ, ਉਹ ਗਲਬਾਤ ਕਰਨ ਉਪਰੰਤ ਵ ਬਾਦ ਸਰਦਾਰ ਸਾਹਿਬ ਜੀ ਨੇ ਪ੍ਰਸ਼ਨ ਕੀਤਾ ਕਿ ਸ਼ਸਤ੍ਰ ਪੂਜਾ ਕਦ ਤੋਂ ਸ਼ੁਰੂ ਹੋਈ ਹੈ । ਅਸਾਂ ਨੇ ਉੱਤਰ ਵਜੋਂ ਕਿਹਾ ਕਿ ਏਹ ਪ੍ਰਸ਼ਨ ਆਪ ਜੀ ਨੇ ਗਿਆਨੀਆਂ, ਬਡੇ ਬਡੇ ਪ੍ਰਚਾਰਕਾਂ ਦੇ ਸਾਮਨੇ ਕਰਨਾ ਸੀ, ਪਰ ਅੱਛਾ, ਜੋ ਸਾਨੂੰ ਗੁਰੂ ਸਾਹਿਬ ਬੁਧੀ ਬਖ਼ਸ਼ਨਗੇ, ਉਤਨਾ ਉੱਤਰ ਆਪ ਨੂੰ ਸੁਨਾਂਦੇ ਹਾਂ । ਸਰਦਾਰ ਸਾਹਿਬ ਜੀਓ, ਸ੍ਰੀ ਸਾਹਿਬ ਦੀ ਪੂਜਾ, ਸਤਕਾਰ, ਨਮਸ਼ਕਾਰ ਉਸ ਦਿਨ ਤੋਂ ਸ਼ੁਰੂ ਹੋਈ, ਜਿਸ ਦਿਨ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਆਈ ਸ੍ਰੀ ਸਾਹਿਬ ਨਾਲ ਸ਼ੁਰੂ ਕੀਤੀ । ਪਹਿਲੇ ਗੁਰਆਈ ਸੇਲੀ ਟੋਪੀ ਨਾਲ ਹੁੰਦੀ ਸੀ । ਉਨ੍ਹਾਂ ਦੀ ਭੀ ਹੁਣ ਤਕ ਸੇਵਾ ਪੂਜਾ ਹੋ ਰਹੀ ਹੈ । ਇਸੀ ਤਰ੍ਹਾਂ, ਗੁਰਆਈ ਸ੍ਰੀ ਸਾਹਿਬ ਨਾਲ ਸ਼ੁਰੂ ਹੂਈ ਹੈ, ਉਸ ਦੀ ਸੇਵਾ ਪੂਜਾ ਹੋ ਰਹੀ ।

ਆਓ, ਸ਼ੰਕਾਵਾਦੀ ਪ੍ਰੇਮੀਓ ਭਾਈ, ਆਪ ਜੀ ਨੂੰ ਕੁਛ ਗੁਰ ਇਤਹਾਸਾਂ ਦੇ ਹਵਾਲੇ ਸੁਨਾਈਏ ।

---

[੫] ਕ੍ਰਿਸ਼ਨਾਵਤਾਰ, ਪੰਨਾ ੩੧੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਬੋਲਾਇਆ ਬੋਲੀ ਤੇਰਾ ॥ [੬]

ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ ॥ [੭]

ਏਕ ਦਫ਼ਾ ਮਹਾਰਾਜ ਜੀ ਹੀਰਾ ਘਾਟ ਤੋਂ ਸ਼ਿਕਾਰ ਘਾਟ ਨੂੰ ਜਾਂਦੇ ਹੋਏ ਰਸਤੇ ਵਿਚ ਸ੍ਰੀ ਮਾਨ ਯੋਗ ਮਾਤਾ ਜੀ ਦਾ ਤੰਬੂ ਲਗੇ ਹੋਏ ਸਨ । ਆਂਵਦਿਆਂ ਜਾਂਵਦਿਆਂ ਮਹਾਰਾਜ ਜੀ ਫ਼ੌਜਾਂ ਸਮੇਤ ਲੰਗਰ ਵ ਪ੍ਰਸਾਦਿ ਇਥੇ ਛਕਦੇ ਹੁੰਦੇ ਸਨ, ਦੋਨੋਂ ਟਾਈਮ । ਏਕ ਦਿਨ ਜਦੋਂ ਮਹਾਰਾਜ ਜੀ ਸ਼ਿਕਾਰ ਘਾਟ ਜਾ ਰਹੇ ਸਨ, ਮਾਤਾ ਸਾਹਿਬ ਜੀ ਦੇ ਅਸਥਾਨ ਆਏ ਬੈਠੇ । ਦੀਵਾਨ ਲੱਗਿਆ । ਉਸ ਵਕਤ ਸ੍ਰੀ ਮਾਤਾ ਸਾਹਿਬ ਦੇਵਾਂ ਜੀ ਨੇ ਆ ਕੇ ਮਥਾ ਟੇਕਿਆ । ਮਹਾਰਾਜ ਜੀ ਨੇ ਕੁਛ ਭਵਿਖਤ ਨੂੰ ਵਿਚਾਰਦੇ ਹੋਏ ਹੁਕਮ ਦਿੱਤਾ ਕਿ ਤੁਸੀਂ ਭਾਈ ਰਾਮ ਕੁਇਰ ਨਾਲ ਜਾ ਕੇ ਸੁੰਦਰੀ ਜੀ ਦੇ ਨਾਲ ਇੱਕ ਥਾਂਇ ਉਥੈ ਰਹਿਨਾ । ਸਿਖ ਸੰਗਤ ਸਭ ਤੁਹਾਡੀ ਸੇਵਾ ਕਰਨਗੇ ਔਰ ਨਾਮ, ਬਾਣੀ, ਗੁਰਮਤਿ, ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਕਰਦੇ ਰਹਿਨਾਂ । ਜਿਸ ਤੇ ਮਾਤਾ ਜੀ ਗੁਰੂ ਸਾਹਿਬ ਤੋਂ ਬਿਛੜਨਾ ਨਹੀਂ ਚਾਹੁੰਦੇ ਸਨ, ਪਰ ਗੁਰੂ ਸਾਹਿਬ ਜੀ ਦੇ ਹੁਕਮ ਮੰਨਨਾ ਭੀ ਉਨ੍ਹਾਂ ਵਾਸਤੇ ਜ਼ਰੂਰੀ ਸੀ । ਤਦ ਮਾਤਾ ਸਾਹਿਬ ਦੇਵਾਂ ਨੇ ਹਥ ਜੋੜ ਕੇ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਜੀਓ, ਅਸੀਂ ਤਾਂ ਤੁਹਾਡੇ ਦਰਸ਼ਨ ਬਿਨਾਂ ਪ੍ਰਸ਼ਾਦਾ ਨਹੀਂ ਛਕਦੇ । ਏਹ ਸੁਣਿ ਕੇ ਕਲਗੀਧਰ ਦਸਮ ਪਿਤਾ ਜੀ ਨੇ ਅਪਨੇ ਪੰਜ ਸ਼ਸਤ੍ਰ ਬਖ਼ਸ਼ੇ । ਇਹ ਸ਼ਸਤ੍ਰ ਗੁਰੂ ਹਰਿਗੋਬਿੰਦ (ਦਾਦੇ ਜੀ) ਦੇ ਉਨ੍ਹਾਂ ਪਾਸ ਨਿਸ਼ਾਨੀ ਦੇ ਸਨ । ਔਰ ਬਚਨ ਕੀਤਾ ਕਿ ਏਹ ਸਾਡਾ ਸਰੂਪ ਹਨ । ਇਨ੍ਹਾਂ ਦੀ ਸੇਵਾ ਪੂਜਾ ਕਰਿਯਾ ਕਰੋ ਵ ਕਰਦੇ ਰਹਿਨਾ ਔਰ ਪ੍ਰਸਾਦਾ ਇਨ੍ਹਾਂ ਨੂੰ ਭੋਗ ਲਗਾਵਨਾ । ਉਸ ਵਕਤ ਸਾਡੇ ਪ੍ਰਤੱਖ ਦਰਸ਼ਨ ਤੁਹਾਨੂੰ ਹੋਣਗੇ । ਉਸ ਤੋਂ ਬਾਦ ਪ੍ਰਸਾਦਾ ਛਕ ਲੈਨਾ । ਉਸ ਸ਼ਸਤ੍ਰ ਦਿੱਲੀ ਵਿੱਚ ਮਾਤਾ ਸੁੰਦਰੀ ਜੀ ਦੇ ਗੁਰਦਵਾਰੇ ਵਿਚ ਸੰਭਾਲੇ ਹੋਇ ਹੁਣ ਤਕ ਉੱਥੇ ਮੌਜੂਦ ਤੇ ਦਰਸ਼ਨ ਹੁੰਦੇ ਹਨ । ਜਿਸ ਤਰ੍ਹਾਂ ਦਸ਼ਮੇਸ਼ ਪਿਤਾ ਜੀ ਨੇ ਮਾਤਾ ਸਾਹਿਬ ਜੀ ਨੂੰ ਹੁਕਮ ਦਿੱਤਾ ਔਰ ਸਿਖਯਾ ਦੀਏ, ਉਸੇ ਤਰ੍ਹਾਂ ਸ੍ਰੀਮਾਨਯੋਗ ਮਾਤਾ ਜੀ ਕਰਦੇ ਰਹੇ ਔਰ ਅਪਨੇ ਬੱਚੇ ਖ਼ਾਲਸਾ ਪੰਥ ਨੂੰ ਭੀ ਉਹੀ ਹੁਕਮ, ਉਹੀ ਸਿਖਿਯਾ ਸਮਝਾਂਵਦੇ ਰਹੇ ਵ ਓਹੀ ਸਿਖਿਯਾ ਦੇਂਦੇ ਰਹੇ, ਗੁਰ ਪਿਤਾ ਵਾਲੀ । ਆਓ, ਭਾਈ ਪ੍ਰੇਮੀਓ, ਸਾਧ ਸੰਗਤ ਜੀਓ, ਭਾਈ ਸ਼ੰਕਾਵਾਦੀਓ, ਪ੍ਰੇਮੀਓ, ਧਿਆਨ ਦੇ ਕੇ ਸੁਨੋ ਔਰ ਦਿਲ ਨਾਲ ਪ੍ਰਸੰਗ ਨੂੰ ਵਿਚਾਰੋ ਕਿ ਤੁਹਾਨੂੰ ਮਾਤਾ ਸਾਹਿਬ ਦੇਵਾਂ ਜੀ, ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਤੁਹਾਨੂੰ ਕੀ ਉਪਦੇਸ਼ ਦੇ ਰਹੇ ਹਨ । ਜੋ ਉਪਦੇਸ਼ ਸਾਡੀ ਮਾਤਾ ਨੂੰ ਸੁਨਾਇਆ ਸੀ, ਸੋ ਮਾਨੋ ਸਾਨੂੰ ਹੁਕਮ ਦੇ ਰਹੇ ਹਨ । ਜੇੜ੍ਹੇ ਬੱਚੇ ਮਾਤਾ ਪਿਤਾ ਦੀ ਆਗਿਯਾ ਦੀ ਪਾਲਨਾ ਕਰਨ, ਤੋ ਓਹ ਸ਼ੰਕਾਵਾਦੀ ਖ਼ੁਦ ਜਾਨਦੇ ਹਨ ਕਿ ਉਨ੍ਹਾਂ ਨੂੰ ਮਾਤਾ ਪਿਤਾ ਵੱਲੋਂ ਔਰ ਲੋਕਾਂ ਵੱਲੋਂ ਕੀ ਖ਼ਿਤਾਬ ਮਿਲਦਾ ਹੈ । ਸੋ ਮਾਨਯੋਗ ਸਾਧ ਸੰਗਤ ਜੀਓ, ਦਸਮੇਸ਼ ਪਿਤਾ ਜੀ ਅਗਰ ਮਾਤਾ ਸਾਹਿਬ ਜੀ ਨੂੰ ਸ਼ਸਤ੍ਰਾਂ ਨੂੰ ਭੋਗ ਲਾਵਨ ਔਰ ਸੇਵਾ ਵ ਪੂਜਾ ਕਰਨ ਤੇ ਪ੍ਰਸੰਨ ਹੋ ਕੇ ਦਰਸ਼ਨ ਦੇਂਦੇ ਹਨ, ਤਾਂ ਤੇ ਅਗਰ ਤੁਸੀਂ ਸਾਰੇ ਇਸ ਹੁਕਮ ਦੀ ਪਾਲਨਾ ਕਰਦੇ ਹੋਏ ਮਹਾਰਾਜ ਜੀ ਦੇ ਸ਼ਸਤ੍ਰਾਂ ਦੀ ਸੇਵਾ ਪੂਜਾ ਕਰੋਗੇ ਔਰ

---

[੬] ਸੋਰਠਿ ਮਹਲਾ ੫, ਪੰਨਾ ੬੨੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੭] ਗੂਜਰੀ ਮਹਲਾ ੫, ਪੰਨਾ ੫੦੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਭੋਗ ਲਗਾਉਗੇ, ਸ਼ਸਤ੍ਰਾਂ ਤੋਂ ਕਿਆ ਤੁਹਾਨੂੰ ਗੁਰੂ ਸਾਹਿਬ ਜੀ ਦਰਸ਼ਨ ਨਹੀਂ ਦੇਨਗੇ ? ਜ਼ਰੂਰ ਦੇਨਗੇ । ਕਿਉਂਕਿ ਤੁਹਾਡੇ ਨਾਲ ਮਹਾਰਾਜ ਜੀ ਦਾ ਅਤੀ ਪ੍ਰੇਮ ਹੈ । ਕਿਉਂਕਿ ਮਹਾਰਾਜ ਜੀ ਨੇ ਸਾਬੋ ਕੀ ਤਲਵੰਡੀ ਸ੍ਰੀ ਦਮਦਮਾ ਸਾਹਿਬ ਦੀਵਾਨ ਸਜਾ ਕਰ ਮਹਾਰਾਜ ਸਚੇ ਪਾਤਸ਼ਾਹ ਦਰਸ਼ਨ ਦੇ ਰਹੇ ਸਨ, ਠੀਕ ਉਸ ਸਮੇਂ ਭਰੇ ਦੀਵਾਨ ਵਿਚ ਦੋਵੇਂ ਮਾਤਾ ਸਾਹਿਬ ਜੀ ਆਏ। ਮਥਾ ਟੇਕ ਕਰ ਹੱਥ ਜੋੜ ਕਰ ਖੜੇ ਹੋ ਗਏ ਔਰ ਚਾਰੋਂ ਤਰਫ਼ ਨਿਗ੍ਹਾ ਮਾਰੀ, ਪਰ ਸਾਹਿਬਜ਼ਾਦੇ ਨਜ਼ਰ ਨਹੀਂ ਆਏ । ਸ੍ਰੀਮਾਨ ਮਾਤਾ ਜੀ ਦੇ ਪੂਛਨ ਤੇ ਦਸ਼ਮੇਸ਼ ਪਿਤਾ ਜੀ ਨੇ ਭਰੇ ਦੀਵਾਨ ਵਲ ਹੱਥ ਕਰਕੇ ਇਉਂ ਫੁਰਮਾਯਾ ਸੀ: -

ਸ੍ਰੀ ਮੁਖਵਾਕ ॥ ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ ॥ ਚਾਰ ਮੂਏ ਤੋ ਕਿਆ ਭਯਾ, ਜੀਵਤ ਕਈ ਹਜ਼ਾਰ ॥ [੮]

ਆਉ ਸਾਧ ਸੰਗਤ ਜੀਓ ਔਰ ਭਾਈ ਸ਼ੰਕਾਵਾਦੀਓ, ਅਦਬ ਸਤਕਾਰ ਵਿਚ ਹੋ ਕੇ ਦਸ਼ਮੇਸ਼ ਪਿਤਾ ਜੀ, ਮਾਤਾ ਸਾਹਿਬ ਦੇਵਾਂ ਜੀ ਦੇ ਹੁਕਮ ਦੀ ਪਾਲਨਾ ਕਰਦੇ ਹੋਏ ਹਾਥ ਜੋੜ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਸ੍ਰੀ ਅਬਚਲ ਨਗਰ ਦੇ ਅੰਦਰ ਮੰਜੀ ਸਾਹਿਬ ਤੇ ਮਹਾਰਾਜ ਜੀ ਦੇ ਹਸਤ-ਕਮਲਾਂ ਦੇ ਔਰ ਸ਼ਹੀਦਾਂ ਸਿੰਘਾਂ ਦੇ ਸ਼ਸਤ੍ਰਾਂ ਨੂੰ ਮੱਥਾ ਟੇਕੋ, ਸੇਵਾ ਪੂਜਾ ਕਰੋ, ਭੋਗ ਲਵਾਓ। ਇਸ ਤਰ੍ਹਾਂ ਕਰਦੇ ਹੋਇਆਂ ਨੂੰ ਤੁਹਾਨੂੰ ਭੀ ਕਲਗੀਧਰ ਦਸ਼ਮੇਸ਼ ਪਿਤਾ ਜੀ ਜ਼ਰੂਰ ਦਰਸ਼ਨ ਦੇਣਗੇ, ਕਿਉਂਕਿ ਗੁਰੂ ਸਾਹਿਬ ਜੀ ਅਪਨੇ ਸ੍ਰੀ ਮੁਖਵਾਕ ਬਾਣੀ ਦਸਾਂ ਸਵੈਯਾਂ ਵਿਚ ਇਸ ਤਰ੍ਹਾਂ ਫੁਰਮਾਉਂਦੇ ਹਨ: -

ਸ੍ਰੀ ਮੁਖਵਾਕ ਪਾ: ੧੦

ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥ [੯]

ੴ
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥ [੧੦]

ਸਾਧ ਸੰਗਤ ਜੀਓ, ਸ਼ਸਤ੍ਰਾਂ ਦੇ ਬਾਰੇ ਔਰ ਵੀਚਾਰ ਕਰੀਏ ਔਰ ਗੁਰ ਇਤਹਾਸ ਦੀ ਖੋਜ ਕਰੀਏ । ਰਾਏਕੋਟ ਏਕ ਦਫ਼ਾ ਗੁਰੂ ਸਾਹਿਬ ਜੀ ਬਸੀਆਂ ਪਿੰਡ ਬਿਰਾਜੇ ਸਨ । ਉਸ ਵਕਤ ਰਾਏਕਲਾ ਮਹਾਰਾਜ ਜੀ ਦੀ ਸੇਵਾ ਕਰ ਰਿਹਾ ਸੀ । ਮਹਾਰਾਜ ਜੀ ਹੁਕਮ ਕੀਤਾ ਕਿ ਰਾਏਕੱਲਾ, ਸਰਹੰਦ ਤੋਂ ਸਾਹਿਬਜ਼ਾਦਿਆਂ ਦੀ ਖ਼ਬਰ ਮੰਗਵਾਦੇ । ਉਸੀ ਵਕਤ ਰਾਏਕੱਲਾ ਨੇ ਮਾਹੀ ਨਾਮੀ ਨੌਕਰ ਨੂੰ ਹੁਕਮ ਦਿੱਤਾ ਕਿ ਜਲਦੀ ਜਾ ਕੇ ਸਰਹੰਦ ਤੋਂ

---

[੮] ਇਹ ਗੁਰਬਾਣੀ ਨਹੀਂ ਹੈ।

[੯] ਸ੍ਰੀ ਅਕਾਲ ਉਸਤਤਿ, ਪੰਨਾ ੧੪, ਸ੍ਰੀ ਦਸਮ ਗ੍ਰੰਥ ਸਾਹਿਬ ਜੀ।

[੧੦] ਸੂਹੀ ਮਹਲਾ ੫, ਪੰਨਾ ੭੫੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਸਾਹਿਬਜ਼ਾਦਿਆਂ ਦੀ ਪੂਰੀ ਖ਼ਬਰ ਲਿਆ ਔਰ ਜਲਦੀ ਆਨਾ । ਜਿਸ ਵਕਤ ਮਾਹੀ ਨਾਮੀ ਨੌਕਰ ਰਾਏਕੱਲਾ ਦਾ, ਸਾਰੀ ਸਰਹੰਦ ਦੀ ਖ਼ਬਰ ਲੈ ਕੇ ਮਹਾਰਾਜ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ, ਮੱਥਾ ਟੇਕ ਕੇ ਹਾਥ ਜੋੜ ਕੇ ਸਰਹੰਦ ਦਾ ਜੇੜ੍ਹਾ ਭਾਣਾ ਵਰਤਿਆ ਸੀ, ਓਹ ਸਮਾਚਾਰ ਸੁਨਾਵਨ ਲੱਗਾ । ਸੱਚੇ ਪਾਤਸ਼ਾਹ ਹੱਥ ਵਿੱਚ ਕਿਰਪਾਨ ਕਢ ਕੇ ਉਸ ਦੀ ਨੋਕ ਨਾਲ ਕਾਹੀ ਦੀ ਜੜ੍ਹ ਖੋਖਲੀ ਕਰ ਰਹੇ ਸਨ, ਸਮਾਚਾਰ ਸੁਨਦੇ ਹੋਏ, ਜਿਸ ਦਾ ਵਰਨੰਨ ਸ੍ਰੀ ਗੁਰਮੁਖ ਪ੍ਰਕਾਸ਼ ਵਿੱਚ ਅਧਿਆਇ ਯਾਰਵਾਂ, ਕ੍ਰਿਤ ਤੇ ਪ੍ਰਕਾਸ਼ਕ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਮੇਂ ਹੈ : -

ਕਢ ਕ੍ਰਿਪਾਨ ਗੁਰ ਕਾਹੀ ਦੀ ਜੜ ਤੋੜ, ਤੁਰਕ ਰਾਜ ਨਾਸ ਹੋਇ ਪੱਟੀ ਜੜ੍ਹ ਤਾਸ ਕੀ ।
ਸੁਣਿ ਕਰ ਰਾਏ ਕੱਲਾ ਕਹੇ ਮੇਰੀ ਜੜ੍ਹ ਰਾਖ ਲੀਜੈ, ਸ੍ਰੀ ਗੁਰੂ ਖੰਡਾ ਦੀਨ, ਪੂਜਾ ਕਰੋ ਜਾਸ ਕੀ ।
ਖੰਡੇ ਕਾ ਅਦਬ ਜਾਏ, ਰਾਜ ਤੁਮ ਨਾਸ ਹੋਇ, ਪੋਤ੍ਰੇ ਨੇ ਗਲ੍ਹ ਪਾਯਾ, ਨਾਸ ਭਏ ਖ਼ਾਸਕੀ ।
ਹਾਅ ਦਾ ਨਾਅਰਾ ਮਾਰਿਆ ਮਲੇਰੀਆਂ ਨੇ, ਰਾਜ ਰਹੇ, ਸਤਿਗੁਰ ਵਰ ਪਾਏ ਸੁਖ ਲਏ ਆਸ ਕੀ ।੧੮।

ਸ੍ਰੀਮਾਨ ਯੋਗ ਸਾਧ ਸੰਗਤ ਜੀਓ, ਸ਼ੰਕਾਵਾਦੀਆਂ ਨੂੰ ਧਿਆਨ ਦੇ ਕੇ ਸੁਨਨਾ ਚਾਹੀਏ । ਉਪਰ ਦਿੱਤੇ ਪ੍ਰਸੰਗ ਦਾ ਭਾਉ ਅਰਥ ਏਹ ਹੋਯਾ ਕਿ ਜੇੜ੍ਹਾ ਮਹਾਰਾਜ ਜੀ ਦੇ ਸ਼ਸਤ੍ਰਾਂ ਦੀ ਸੇਵਾ, ਪੂਜਾ, ਅਦਬ ਕਰੇਗਾ ਵ ਰਖੇਗਾ, ਉਸ ਦਾ ਰਾਜ ਭਾਗ ਕਾਇਮ ਰਹੇਗਾ ਵ ਦੂਸਰੇ ਦਰਜੇ ਤੇ ਘਰ ਦੇ ਸੁਖ, ਪਰਵਾਰ ਦੇ ਸੁਖ, ਸਰਬੰਸ ਦੇ ਸੁਖ ਸੱਚੇ ਪਾਤਸ਼ਾਹ ਜੀ ਦੇ ਸ਼ਸਤ੍ਰਾਂ ਦੀ ਸੇਵਾ ਵ ਪੂਜਾ ਜਿਤਨਾ ਚਿਰ ਕਰਦੇ ਰਹੋਗੇ, ਉਤਨਾ ਚਿਰ ਚੜ੍ਹਦੀਆਂ ਕਲਾਂ ਵਿੱਚ ਜਾਉਗੇ । ਔਰ ਜੇ ਮੁਸਲਮਾਨਾਂ ਵਾਲ ਖ਼ਿਆਲ ਕਰ ਲਿਆ, ਜਿਸ ਤਰ੍ਹਾਂ ਹੈਦਰਾਬਾਦ ਵਿੱਚ (ਮਯੂਜ਼ਿਅਮ) ਵਿੱਚ ਹੱਥਿਆਰ ਰਖੇ ਹੋਏ ਹਨ, ਯਾ ਕੰਧਾਂ ਤੇ ਸਜਾਏ ਹੋਏ ਹਨ, ਉਸੀ ਤਰ੍ਹਾਂ ਹੀ ਕਈ ਪ੍ਰੇਮੀ ਸ਼ੰਕਾਵਾਦੀ ਕਹਿੰਦੇ ਹਨ ਕਿ ਸ਼ਸਤ੍ਰ ਕਿਧਰੇ ਬਾਹਰ ਸ਼ੀਸ਼ੇ ਦੇ ਅਲਮਾਰੀਆਂ ਵਿੱਚ ਰੱਖੇ ਜਾਨ । ਪਬਲਿਕ ਖੁੱਲ੍ਹੇ ਦਰਸ਼ਨ ਕਰਨ ਯਾ ਜਿਸ ਤਰ੍ਹਾਂ ਅਜਾਇਬ ਘਰਾਂ ਵਿੱਚ ਲੱਗੇ ਹੁੰਦੇ ਹਨ । ਤਾਂ ਸਾਧ ਸੰਗਤ ਜੀਓ, ਸਮਝਨਾ ਕਿ ਜੇੜ੍ਹੇ ਏਹ ਕਹਿ ਰਹੇ ਹਨ, ਇਨ੍ਹਾਂ ਦੇ ਖ਼ਿਆਲ ਭੀ ਹੈਦਰਾਬਾਦ ਦੇ ਅਰਬਾਂ ਵਰਗੇ ਹੈਂ । ਯਾਦ ਰੱਖਨਾ ਸ਼ੰਕਾਵਾਦੀਓ, ਤੁਹਾਨੂੰ ਪਿੱਛੇ ਰਾਏ ਕੱਲਾ ਦਾ ਪ੍ਰਸੰਗ ਸੁਨਾਯਾ ਹੈ । ਹੁਣ ਦੱਸੋ, ਤੁਹਾਡੀ ਕੀ ਮਰਜ਼ੀ ਹੈ ? ਰਾਏ ਕੱਲਾ ਵਾਂਗੂੰ ਸੇਵਾ ਪੂਜਾ ਮਹਾਰਾਜ ਜੀ ਦੇ ਸ਼ਸਤਰਾਂ ਦੀ ਕਰਕੇ ਰਾਜ ਭਾਗ ਆਰਾਮ ਸੁੱਖ ਅਪਨੇ ਕਾਇਮ ਰਖਨਾ ਚਾਹੁੰਦੇ ਹੋ ਕਿ ਰਾਏ ਕੱਲਾ ਦੇ ਪੋਤ੍ਰੇ ਵਾਂਗੂੰ ਮਹਾਰਾਜ ਜੀ ਦੇ ਸ਼ਸਤਰਾਂ ਦੀ ਬੇ-ਅਦਬੀ ਕਰਕੇ ਅਪਨੇ ਸਾਰੇ ਸੁੱਖ ਆਰਾਮ ਨਸ਼ਟ ਕਰਾਵਨਾ ਚਾਹੁੰਦੇ ਹੋ । ਏਹ ਵਿਚਾਰ ਲੋ । ਜਿਵੇਂ ਮਰਜ਼ੀ ਹੋਵੇ, ਕਰ ਲੋ ।

ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥ [੧੧]

## ਸ੍ਰੀ ਪਟਨਾ ਸਾਹਿਬ

[੧੧] ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

੧੯

ਏਕ ਦਫ਼ਾ ਅਸੀਂ ਪਟਨੇ ਸਾਹਿਬ ਜੀ ਦਰਸ਼ਨਾਂ ਨੂੰ ਯਾਤਰਾ ਨੂੰ ਹਾਜ਼ਰ ਹੋਏ । ਸ੍ਰੀ ਤਖ਼ਤ ਪਟਨਾ ਸਾਹਿਬ ਜੀ ਤੇ ਭੀ ਸ਼ਸਤਰਾਂ ਦੀ ਪੂਜਾ ਵ ਸੇਵਾ ਤਖ਼ਤ ਹਜ਼ੂਰ ਸਾਹਿਬ ਵਾਂਗੂੰ ਉਦੋਂ ਸ੍ਰੀ ਹੈਡ ਪੂਜਾਰੀ ਮਾਨ ਸਿੰਘ ਜੀ ਜਦ ਸਵੇਰੇ ਅੰਮ੍ਰਿਤ ਵੇਲੇ ਸੇਵਾ ਪੂਜਾ ਕਰਨ ਜਾਂਦੇ ਸਨ, ਤਾਂ ਨਾਲ ਗੁਰ ਪੰਥ ਸੇਵਕ ਨੂੰ ਭੀ ਨਾਲ ਅੰਦਰ ਲੈ ਜਾਂਦੇ ਸਨ । ਦੋਵੇਂ ਅਸੀਂ ਮਿਲ ਕੇ ਸ਼ਸਤ੍ਰਾਂ ਦੀ ਪੂਜਾ ਸੇਵਾ ਕਰਦੇ ਹੁੰਦੇ ਸੀ । ਲਗਾਤਾਰ ਏਕ ਹਫ਼ਤਾ । ਸ੍ਰੀ ਤਖ਼ਤ ਪਟਨਾ ਸਾਹਿਬ ਬਿਹਾਰ ਮੇਂ ਸ੍ਰੀ ਪੰਘੂੜਾ ਸਾਹਿਬ ਵਿੱਚ ਦਸ਼ਮੇਸ਼ ਦੇ ਏਹ ਸ਼ਸਤ੍ਰ ਅਸਤ੍ਰ ਰੱਖੇ ਹੋਏ ਹਨ : -

੧. ਪੰਘੂੜਾ ਏਕ ਹੈ ।
੨. ਤੀਰਾਂ ਚਾਰ ਹੈਂ ।
੩. ਛੋਟੀ ਤਲਵਾਰ ਏਕ ਹੈ ।
੪. ਛੋਟਾ ਖੰਡਾ ਏਕ ਹੈ ।
੫. ਕਟਾਰ ਛੋਟੀ ਏਕ ਹੈ ।

ਸੋ ਸਾਧ ਸੰਗਤ ਜੀਓ, ਮਹਾਰਾਜ ਦਸ਼ਮੇਸ਼ ਪਿਤਾ ਜੀ ਦੇ ਏਹ ਸ਼ਸਤ੍ਰ ਸ੍ਰੀ ਤਖ਼ਤ ਪਟਨਾ ਸਾਹਿਬ ਮੇਂ ਮੌਜੂਦ ਹਨ । ਸੇਵਾ-ਪੂਜਾ ਹੋ ਰਹੀ ਹੈ । ਇੱਥੇ ਭੀ ਸ੍ਰੀ ਗੁਰੂ ਗ੍ਰਿੰਥ ਸਾਹਿਬ ਮਹਾਰਾਜ ਬਾਹਰ ਪ੍ਰਕਾਸ਼ ਹੁੰਦੇ ਹਨ ਤੇ ਸ਼ਸਤ੍ਰਾਂ ਦੀ ਸੇਵਾ ਪੂਜਾ ਅੰਦਰ ਹੁੰਦੀ ਹੈ, ਤਖ਼ਤ ਸ੍ਰੀ ਹਜ਼ੂਰ ਸਾਹਿਬ ਵਾਂਗੂੰ ।

ਸਾਧ ਸੰਗਤ ਜੀਓ, ਏਕ ਦਫ਼ਾ ਅਸੀਂ ਅਨੰਦਪੁਰ ਸਾਹਿਬ ਜੀ ਦਰਸ਼ਨਾਂ ਨੂੰ ਹਾਜ਼ਰ ਹੋਏ । ਮੱਥਾ ਟੇਕ ਕੇ ਤਖ਼ਤ ਜੀ ਦੇ ਅੰਦਰ ਨਿਗ੍ਹਾ ਮਾਰੀ । ਸ੍ਰੀ ਗੁਰੂ ਗ੍ਰਿੰਥ ਸਾਹਿਬ ਮਹਾਰਾਜ ਜੀ ਬਾਹਰ ਸਾਮਨੇ ਪ੍ਰਕਾਸ਼ ਸਨ ਔਰ ਸ਼ਸਤ੍ਰ ਅੰਦਰ ਸਿੰਘਾਸਨ (ਮੰਜੀ ਸਾਹਿਬ) ਪਰ ਸਨ । ਸ੍ਰੀ ਤਖ਼ਤ ਕੇਸਗੜ੍ਹ ਸਾਹਿਬ ਜੀ, ਅਨੰਦਪੁਰ ਵਿੱਚ ਗੁਰੂ ਜੀ ਦੇ ਸ਼ਸ਼ਤ੍ਰ ਹੈਂ : -

੧. ਨਾਗਨੀ ਏਕ, ਜਿਸਦੀ ਲੰਬਾਈ ੮ ਫੁਟ, ੯ ਇੰਚ ਹੈ ੧ ।
੨. ਬਰਛਾ (ਭਾਲਾ) ਏਕ ੧ ।
੩. ਸੈਫ਼ (ਇਸ ਦਾ ਤੋਲ ੩੨ ਛਟਾਂਕ ਹੈ) ।
੪. ਦੁਧਾਰਾ ਖੰਡਾ, ਏਕ ੧ ।
੫. ਕਟਾਰ (ਜਿਸ ਦੇ ਉਤੈਂ ਹਾਥੀ ਸ਼ੇਰਾਂ ਦੀਆਂ ਤਸਵੀਰਾਂ ਹਨ) ।

ਸੋ ਸਾਧ ਸੰਗਤ ਜੀਓ, ਇੱਥੇ ਭੀ ਤਖ਼ਤ ਸਾਹਿਬ ਤੇ ਮਹਾਰਾਜ ਜੀ ਦੇ ਸ਼ਸਤ੍ਰ ਅਦਬ ਨਾਲ ਤਖ਼ਤ ਸਾਹਿਬ ਦੇ ਅੰਦਰ ਰੱਖੇ ਹੋਏ ਹਨ ਔਰ ਸੇਵਾ-ਪੂਜਾ ਹੁੰਦੀ ਰਹਿੰਦੀ ਹੈ । ਇੱਥੇ ਅਨੰਦਪੁਰ ਸਾਹਿਬ ਤੋਂ ਕਲਗੀਧਰ ਦਸ਼ਮੇਸ਼ ਪਿਤਾ ਜੀ ਨੇ ਹੁਕਮਨਾਮੇ ਜਾਰੀ ਕੀਤੇ ਸਨ ਕਿ ਜੇੜ੍ਹਾ ਸਿੱਖ ਸੇਵਕ ਸੰਗਤ ਵਧੀਆ ਹੱਥਿਯਾਰ ਲਿਆ ਕੇ ਭੇਟਾ ਕਰੇਂਗੇ, ਪੂਰੀ ਖ਼ੁਸ਼ੀ ਗੁਰੂ ਸਾਹਿਬ ਕੀ ਉਸ ਪਰ ਹੋਏਗੀ ।

ੴ

ਏਕ ਦਫ਼ਾ ਅਸੀਂ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦਰਸ਼ਨਾਂ ਨੂੰ ਗਏ । ਸਨਾਨ ਪਾਣੀ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਜਾ ਮੱਥਾ ਟੇਕਿਆ ਔਰ ਦਰਸ਼ਨ ਕੀਤੇ । ਉਥੇ ਭੀ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਥੋੜੀ ਫ਼ਾਸਲੇ ਤੇ ਪ੍ਰਕਾਸ਼ ਸਨ ਔਰ ਮਹਾਰਾਜ ਜੀ ਦੇ ਸ਼ਸਤ੍ਰ ਮੰਜੀ ਸਾਹਿਬ ਤੇ ਉਚੀ ਜਗ੍ਹਾ ਪ੍ਰਕਾਸ਼ ਸਨ । ਤਖ਼ਤ ਸ੍ਰੀ ਹਜ਼ੂਰ ਸਾਹਿਬ ਵਾਂਗੂੰ ਸੇਵਾ ਪੂਜਾ ਹੋ ਰਹੀ ਸੀ । ਅਕਾਲ ਤਖ਼ਤ, ਸ੍ਰੀ ਅਮ੍ਰਤਸਰ ਦੇ ਸ਼ਸਤ੍ਰ ਏਹ ਹਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਏਹ ਸ਼ਸਤ੍ਰ ਅਸਤ੍ਰ ਹਨ : -

੧. ਸ੍ਰੀ ਸਾਹਿਬ (ਤਲਵਾਰ) ਏਕ ।
੨. ਤੀਰਾਂ ਦੋ, ਜਿਨ੍ਹਾਂ ਦੀਆਂ ਮੁਖੀਆਂ ਨਾਲ ਇੱਕ-ਇੱਕ ਤੋਲਾ ਸੋਨਾ ਲੱਗਾ ਹੋਇਆ ਹੈ ।
੩. ਕਟਾਰਾਂ ਦੋ, ਸਾਹਿਬ ਅਜੀਤ ਸਿੰਘ ਜੀ ਤੇ ਸਾਹਿਬ ਜੁਝਾਰ ਸਿੰਘ ਜੀ ਦੇ ਹਨ ।
੪. ਹੋਰ ਕਈ ਹਨ ਸ਼ਹੀਦਾਂ ਦੇ ।

ਸਾਧ ਸੰਗਤ ਜੀਓ, ਜਿਸ ਵਕਤ ਰਾਤ ਨੂੰ ਇੱਕ-ਇੱਕ ਸ਼ਸਤ੍ਰ ਦਾ ਇਸ ਤਰ੍ਹਾਂ ਵਰਨੰਨ ਕਰਦੇ ਹੋਏ ਦਰਸ਼ਨ ਕਰਾਉਂਦੇ ਹਨ, ਏਕ ਏਕ ਸ਼ਸਤ੍ਰ ਦਾ ਇਤਹਾਸ ਦਵਾਰਾ ਜਦੋਂ ਨਾਂ ਲੈ ਕੇ ਦਰਸ਼ਨ ਕਰਾਉਂਦੇ ਹਨ, ਹਾਜ਼ਿਰ ਸੰਗਤ ਦੇ ਅਪਨੇ ਆਪ ਸਿਰ ਝੁੱਕ ਜਾਂਦੇ ਹਨ ਔਰ ਅਦਬ ਵਿੱਚ ਹੱਥ ਜੁੜ ਜਾਂਦੇ ਹਨ । ਮਾਨੋ ਹਾਜ਼ਰੀਨ ਸਾਰੀ ਸੰਗਤ ਨਮਸ਼ਕਾਰ ਵ ਮਥਾ ਟੇਕ ਰਹੀ ਹੈ । ਸਾਧਸੰਗਤ ਜੀਓ, ਪਤਾ ਨਹੀਂ ਕਿ ਸ਼ੰਕਾਵਾਦੀ ਸਜਨ ਸਾਨੂੰ ਗਿਲਜਾ-ਘਰ ਵ ਮਸਜਿਦ ਦੀ ਮ੍ਰਿਜਾਦਾ ਸਿਖਾਉਂਦੇ ਹਨ, ਕਿਉਂਕਿ ਗਿਲਜਾ-ਘਰ ਔਰ ਮਸਜਿਦ ਵਿੱਚ ਕੁਰਾਨ ਤੋਂ ਬਿਨਾਂ ਕੁੱਛ ਨਹੀਂ ਹੋਂਵਦਾ ।

ਆਓ, ਸਾਧ ਸੰਗਤ ਜੀਓ, ਜਲਦੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਪਹੁੰਚੀਏ ਔਰ ਦਰਸ਼ਨ ਕਰੀਏ ਕਿ ਇੱਥੇ ਭੀ ਮਹਾਰਾਜ ਜੀ ਦੇ ਸ਼ਸਤ੍ਰ ਇਤਹਾਸਕ ਕਿਤਨੇ ਹਨ । ਤਖ਼ਤ ਹਾਜ਼ਰ ਹੋਏ । ਉਸ ਦਿਨ ਤਖ਼ਤ ਇਸ਼ਨਾਨ ਦਾ ਦਿਨ ਸੀ । ਏਹ ਤਖ਼ਤ ਇਸ਼ਨਾਨ ਦੀਵਾਲੀ ਤੋਂ ਏਕ ਦਿਨ ਪਹਿਲੇ ਕਰਾਯਾ ਜਾਂਦਾ ਹੈ । ਇਸ ਦਿਨ ਸਾਰੇ ਸ਼ਸਤ੍ਰ ਤਖ਼ਤ ਸਾਹਿਬ ਦੇ ਅੰਦਰ ਬਾਹਰਲੀ ਪ੍ਰਕਰਮਾ ਵਿਚ ਸਜਾਏ ਜਾਂਦੇ ਹਨ, ਜਿਸ ਤੇ ਖੁੱਲ੍ਹੇ ਦਰਸ਼ਨ ਕਰਨ ਦਾ ਔਸ੍ਰ ਪ੍ਰਾਪਤ ਹੋਯਾ । ਇਥੇ ਤਖ਼ਤ ਸਾਹਿਬ ਤੇ ਮਹਾਰਾਜ ਜੀ ਦੇ ਇਤਹਾਸੀ ਸ਼ਸਤ੍ਰ ਹਨ : -

੧. ਚੱਕਰ ।
੨. ਚੌੜਾ ਤੇਗ਼ਾ ਏਕ ।
੩. ਫ਼ੌਲਾਦੀ ਕਮਾਨ ਏਕ ।
੪. ਗੁਰਜ ਏਕ ।
੫. ਨਮਟ (ਸਰਬ ਲੋਹ ਦਾ ਤੀਰ) ਏਕ ।
੬. ਸੁਨੇਹਿਰੀ ਸ੍ਰੀ ਸਾਹਿਬ ।

੭. ਸੁਨੇਹਿਰੀ ਕਿਰਪਾਨ ਏਕ ਵ ਇੰਚੀ ।

ਏਹ ਸ਼ਸਤ੍ਰਾਂ ਦੇ ਦਰਸ਼ਨ ਕਰਕੇ ਮੱਥਾ ਟੇਕ ਕੇ ਨਮਸ਼ਕਾਰ ਕੀਤੀ । ਇੱਥੇ ਭੀ ਤੀਨਾਂ ਤਖ਼ਤਾਂ ਵਾਂਗੂੰ ਸੇਵਾ ਪੂਜਾ ਸ਼ਸਤ੍ਰਾਂ ਦੀ ਹੁੰਦੀ ਹੈ । ਸੋ, ਭਾਈ ਪ੍ਰੇਮੀਓ, ਸ਼ੰਕਾਵਾਦੀਓ, ਕੰਨ ਦੇ ਕੇ ਸੁਨੋ, ਔਰ ਦਿਲ ਨਾਲ ਕਿ ਜਿਸ ਤਰ੍ਹਾਂ ਤੀਨਾਂ ਤਖ਼ਤਾਂ ਤੇ ਗੁਰੂ ਸਾਹਿਬਾਂ ਦੇ ਸ਼ਸਤ੍ਰ ਅਦਬ ਨਾਲ ਗੁਰੂ ਗ੍ਰਿੰਥ ਸਾਹਿਬ ਜੀ ਨਾਲੋਂ ਅੱਡ ਉਚੀ ਥਾਂ 'ਤੇ ਰੱਖੇ ਹੋਏ ਹਨ, ਉਸੀ ਤਰ੍ਹਾਂ ਸ੍ਰੀ ਹਜ਼ੂਰ ਸਾਹਿਬ ਰੱਖੇ ਹੋਏ ਹਨ ਕਿ ਦੂਸਰੀ ਤਰ੍ਹਾਂ ?

ੴ ਸਤਿਗੁਰਪ੍ਰਸਾਦਿ ॥

ਦੇਗ਼ ਤੇਗ਼ ਫ਼ਤਹ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਹਾਇ ।

ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿੱਤ ਕੀ ਇੱਛਾ ॥
ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥ [੧੨]

ਆਓ, ਸਾਧ ਸੰਗਤ ਜੀਓ, ਔਰ ਖੋਜ ਕਰੀਏ ਕਿ ਮਹਾਰਾਜ ਜੀ ਦੇ, ਕਲਗੀਧਰ ਪਾਤਸ਼ਾਹ ਜੀ ਦੇ ਸ਼ਸਤ੍ਰ ਅਸਤ੍ਰ ਕਿੱਥੇ-ਕਿੱਥੇ ਹਨ । ਚੌਂਵਾਂ ਤਖ਼ਤਾਂ ਤੋਂ ਅਲਾਵਾ ਏਕ ਦਫ਼ਾ ਜੱਥੇ ਸਮੇਤ ਅਸੀਂ ਨਾਭੇ ਗਏ । ਅਕਾਲ ਗੜ੍ਹ ਗੁਰਦਵਾਰਾ ਸਾਹਿਬ ਦੇ ਦਰਸ਼ਨਾਂ ਨੂੰ ਗਏ । ਦਰਸ਼ਨ ਦਿਦਾਰੇ ਕਰ ਕੇ ਦੇਖਿਆ, ਜਿੱਥੇ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਮਹਾਰਾਜ ਪ੍ਰਕਾਸ਼ ਅਸਥਾਨ ਉਸ ਤੋਂ ਕੁਛ ਫ਼ਾਸਲੇ ਤੇ ਮਹਾਰਾਜ ਜੀ ਦਾ ਮੰਜੀ ਸਾਹਿਬ ਹੈ । ਉਥੇਂ ਭੀ ਮਹਾਰਾਜ ਜੀ ਦੇ ਸ਼ਸਤ੍ਰ ਸਜਾਏ ਹੋਏ ਸਨ । ਸੇਵਾ-ਪੂਜਾ ਹੁੰਦੀ ਸੀ । ਗੁਰ ਪੰਥ ਸੇਵਕ ਨੇ ਉਥੋਂ ਦੇ ਸ਼ਸਤ੍ਰਾਂ ਦੀ ਸੇਵਾ-ਪੁਜਾ ਅਪਨੇ ਹੱਥੀਂ ਕੀਤੀ ਸੀ । ਏਥੇ ਮਹਾਰਾਜ ਜੀ ਦੇ ਦੋ ਨਗਾਰੇ ਇਤਹਾਸੀ ਹਨ, ਜਿਨ੍ਹਾਂ ਦਾ ਇਤਹਾਸ ਉਥੋਂ ਦੇ ਸੇਵਾਦਾਰੋਂ ਨੇ ਇਸ ਤਰ੍ਹਾਂ ਸੁਨਾਯਾ ਸੀ ਕਿ ਜਦ ਮਹਾਰਾਜ ਕਲਗੀਧਰ ਦਸ਼ਮੇਸ਼ ਪਿਤਾ ਜੀ ਫੇਰ ਪ੍ਰਗਟ ਹੋਨਗੇ, ਉਦੋਂ ਏਹ ਨਗਾਰੇ ਖ਼ੁਸ਼ੀ ਵਿੱਚ ਅਪਨੇ ਆਪ ਬਜਨਗੇ । ਉਸ ਤੋਂ ਪਹਿਲੇ ਬਜਾਵਨ ਦਾ ਗੁਰੂ ਸਾਹਿਬ ਜੀ ਦਾ ਹੁਕਮ ਨਹੀਂ ਹੈ । ਇੱਥੇ ਭੀ ਤਖ਼ਤ ਹਜ਼ੂਰ ਸਾਹਿਬ ਵਾਂਗੂੰ ਸ਼ਸਤ੍ਰਾਂ ਦੀ ਧੂਪ-ਦੀਵਾ, ਸੇਵਾ ਪੂਜਾ ਹੁੰਦੀ ਹੈ । ਕਿਲ੍ਹਾ ਨਾਭਾ ਗੁਰਦਵਾਰਾ ਸਿਰੋਪਾਉ ਸਾਹਿਬ ਦੇ ਵਿੱਚ ਸ੍ਰੀ ਦਸ਼ਮੇਸ਼ ਜੀ ਦੇ ਨਿਮਨ ਲਿਖਤ ਸ਼ਸਤ੍ਰ-ਅਸਤ੍ਰ ਹਨ : -

੧. ਦਸਤਾਰ ਨਾਲ ਕਰਦ, ਜੋ ਤਕਰੀਬਨ ਸਾਡੇ ਤੀਨ ਇੰਚ ਲੰਬੀ ਹੈ ।
੨. ਸ੍ਰੀ ਸਾਹਿਬ (ਤਲਵਾਰ), ਸ੍ਰੀ ਦਸ਼ਮੇਸ਼ ਜੀ ਨੇ ਤਿਰਲੋਕ ਸਿੰਘ ਨੂੰ ਅਮ੍ਰਤ ਛਕਾਉਨ ਸਮੇਂ ਦਮਦਮੇ ਬਖ਼ਸ਼ੀ ਸੀ । ਇਸ ਸ੍ਰੀ ਸਾਹਿਬ ਦੇ ਏਕ ਪਾਸੇ ਪਾਠ ਹੈ, 'ਸ੍ਰੀ ਭਗਉਤੀ ਜੀ ਸਹਾਇ । ਗੁਰੂ ਗੋਬਿੰਦ ਸਿੰਘ ਪਾਤਸ਼ਾਹੀ ਹੈ ।

---

[੧੨] ਪਖ਼ਯਾਨ ਚਰਿਤ੍ਰ, ਪੰਨਾ ੧੩੮੬, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

੩. ਸ੍ਰੀ ਸਾਹਿਬ ਦੂਜਾ, ਜੋ ਬਡਰੁੱਖੀਆਂ ਤੋਂ ਮਹਾਰਾਜ ਹੀਰਾ ਸਿੰਘ ਜੀ ਅਪਨੇ ਨਾਲ ਨਾਭੇ ਲਿਆਏ । ਇਸ ਦੇ ਉਪ੍ਰ ਲਿਖਿਆ ਹੈ 'ਗੁਰੂ ਗੋਬਿੰਦ ਸਿੰਘ ਕੇ ਕਮਰ ਦੀ ਤਲਵਾਰ ਹੈਗੀ ਬੰਸ ਦੇਗ ਤੇ ਯਾ ਤੇਗ ਤੇ' ਤੇ ਸ੍ਰੀ ਸਾਹਿਬ ਦੇ ਕਬਜ਼ੇ ਪ੍ਰ ਪਾਠ ਹੈ 'ਗੁਰ ਨਾਨਕ ਸਰਬ ਸਿਖਾਂ ਨੂੰ ਸਹਾਇ' । ਸਾਧ ਸੰਗਤ ਜੀਓ, ਜਿੱਥੇ-ਜਿੱਥੇ ਭੀ ਮਹਾਰਾਜ ਜੀ ਦੇ ਸ਼ਸਤ੍ਰ-ਅਸਤ੍ਰ ਹਨ, ਉਥੇਂ ਸੇਵਾ-ਪੂਜਾ ਸਤਕਾਰ ਹੁੰਦਾ ਹੈ ।

## ਰਿਆਸਤ ਪਟਿਆਲਾ

ਇਥੇ ਬੁਰਜ ਬਾਬਾ ਆਲਾ ਸਿੰਘ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਏਹ ਸ਼ਸਤ੍ਰ-ਅਸਤ੍ਰ ਹਨ: -

੧. ਸ਼ਿਕਾਰਘਾਹ (ਤਲਵਾਰ) । ਇਸਦੇ ਉਤੇ ਸ਼ਿਕਾਰ ਦੀਆਂ ਤਸਵੀਰਾਂ ਹਨ ।
੨. ਸ੍ਰੀ ਸਾਹਿਬ (ਤਲਵਾਰ) । ਇਸ ਦੇ ਉਤੇ ਲਿਖਿਆ ਹੈ 'ਅਕਾਲ ਸਹਾਇ । ਗੁਰੂ ਗੋਬਿੰਦ ਸਿੰਘ ਜੋ ਦਰਸ਼ਨ ਕਰੇਗਾ ਸੋ ਨਿਹਾਲ ਹੋਇਗਾ' ।
੩. ਦੋ ਫਾਕਾ ਤੀਰ, ਜਿਸ ਦੇ ਉਤੇ ਸੋਨੇ ਦੇ ਤੀਨ ਬੰਧ ਹਨ ।
੪. ਅਜੀਬ ਜੋਹਰਦਾਰ ਦਸਤੇ ਵਾਲਾ ਬ੍ਰਛਾ ।
੫. ਸਫ਼ਾ ਜੰਗ (ਟਕੂਵਾ) ।
੬. ਸੁਨੈਹਿਰੀ ਸ਼ਿਕਾਰਗਾਹ ਕਟਰਾ ।
੭. ਖੰਡਾ, ਜੋ ਭਾਈ ਸਾਹਿਬ ਭਾਈ ਅਰਜਨ ਸਿੰਘ ਰਈਸ ਬਾਗੜੀਆਂ ਨੇ ਮਹਾਰਾਜੇ ਨੂੰ ਦਿੱਤਾ ਸੀ । ਸੋ ਸਾਧ ਸੰਗਤ ਜੀਓ, ਮਹਾਰਾਜਾ ਪਟਿਆਲਾ ਦੇ ਕਿਲ੍ਹੇ ਵਿੱਚ ਏਹ ਸ਼ਸਤ੍ਰ-ਅਸਤ੍ਰ ਮੌਜੂਦ ਹਨ । ਸੇਵਾ-ਪੂਜਾ ਸਤਿਕਾਰ ਹੁੰਦਾ ਹੈ ਵ ਹੋ ਰਹੀ ਹੈ । ਸ਼ੰਕਾਵਾਦੀਆਂ ਨੂੰ ਏਹ ਪ੍ਰਸੰਗ ਮਹਾਰਾਜ ਜੀ ਦੇ ਸ਼ਸਤ੍ਰਾਂ ਦੇ, ਦਿਲ ਨਾਲ ਸੋਚ ਕੇ ਪੜ੍ਹਨਾ ਔਰ ਸੁਨਣਾ ਚਾਹੀਏ ਔਰ ਅੱਖੀਆਂ ਖੋਲ੍ਹ ਕਰ ਦੇਖਨਾ ਚਾਹੀਏ ਕਿ ਜਿੱਥੇ-ਜਿੱਥੇ ਭੀ ਰਾਜਿਆਂ-ਮਹਾਰਾਜਿਆਂ, ਰਈਸਾਂ, ਜਿਨ੍ਹਾਂ ਪਾਸ ਭੀ ਮਹਾਰਾਜ ਜੀ ਦੇ ਸ਼ਸਤ੍ਰ ਹਨ, ਸਾਰੇ ਪੂਜਾ-ਸਤਕਾਰ ਕਰਦੇ ਹਨ ਔਰ ਅਦਬ ਵਾਲੀ ਜਗ੍ਹਾ ਉਚੇਂ ਥਾਂ ਤੇ ਰੱਖੇ ਜਾਂਦੇ ਹਨ ਕਿ ਸਿਰਫ਼ ਹਜ਼ੂਰ ਸਾਹਿਬ ਹੀ ਸ਼ਸਤ੍ਰਾਂ ਦੀ ਸੇਵਾ ਪੂਜਾ, ਅਦਬ-ਸਤਕਾਰ ਹੁੰਦਾ ਹੈ ਕਿ ਸਾਰੇ ਹੁੰਦਾ ਹੈ ?

## ਰਿਆਸਤ ਜਿੰਦ

ਆਓ ਸਾਧ ਸੰਗਤ ਜੀਓ, ਆਪਾਂ ਔਰ ਢੂੰਡ-ਭਾਲ ਕਰੀਏ ਕਿ ਦਸ਼ਮੇਸ਼ ਪਿਤਾ ਜੀ ਦੇ ਸ਼ਸਤ੍ਰ-ਅਸਤ੍ਰ ਹੋਰ ਕਿੱਥੇ-ਕਿੱਥੇ ਹਨ, ਤਾਂ ਕਿ ਸ਼ੰਕਾਵਾਦੀਆਂ ਨੂੰ ਪਤਾ ਲੱਗ ਜਾਏ ਹਜ਼ੂਰ ਸਾਹਿਬ ਨਹੀਂ, ਬਲਕਿ ਸਾਰੇ ਖ਼ਾਲਸਾ ਪੰਥ ਵਿੱਚ ਹੀ ਮਹਾਰਾਜ ਜੀ ਦੇ ਸ਼ਸਤ੍ਰਾਂ-ਅਸਤ੍ਰਾਂ ਦੀ ਪੂਜਾ-ਸਤਿਕਾਰ, ਸੇਵਾ ਔਰ ਅਦਬ ਵਾਲੀ ਉੱਚੀ ਥਾਂ ਰੱਖੇ ਹੋਏ ਹਨ । ਸੰਗਰੂਰ (ਰਿਯਾਸਤ ਜਿੰਦ) ਵਿੱਚ ਗੁਰੂ ਜੀ ਦੇ ਸ਼ਸਤ੍ਰ : - ੧. ਤਲਵਾਰ, ਜਿਸ ਦੇ ਉਤੈਂ ਸੁਨਹਿਰੀ ਅਖਰਾਂ ਵਿਚ ਲਿਖਿਆ ਹੈ 'ਏਹ ਤਲਵਾਰ ਗੁਰੂ ਗੋਬਿੰਦ ਸਿੰਘ ਕੀ ਕਮਰ ਕੀ ਹੈ' । ਇਲਾਕਾ ਸੂਰਤ ਸ਼ਹਿਰ,

ਗੁਜਰਾਤ ਕਾਠੀਆਵਾੜ ਬੰਦ੍ਰ ਮੇਂ ਮੁਹੰਮਦ ਯਾਰ ਸੀ ਏਹ ਤਲਵਾਰ ਸ੍ਰੀ ਦਸ਼ਮੇਸ਼ ਜੀ ਨੇ ਧਰਮ ਸਿੰਘ ਜੀ ਨੂੰ ਦਿੱਤੀ ਸੀ ।

ਭਾਈ ਸਾ: ਬਾਗੜੀਆਂ ਦੇ ਵਡੇਰੇ ਭਾਈ ਗੁਦੜ ਸਿੰਘ ਨੇ ਜਦ ਰਾਜਾ ਪਤ ਸਿੰਘ ਜਿੰਦ ਵਾਲੇ ਨੂੰ ਅਮ੍ਰਤ ਛਕਾਯਾ, ਤਾਂ ਏਹ ਤਲਵਾਰ ਦਿੱਤੀ ਸੀ । ਪੇਸ਼ ਕਬਜ਼ ਇਸ ਦੇ ਉਤੈ ਸੰਮਤ ੧੭੫੨ ਲਿਖਿਆ ਹੈ । ਅੱਗੇ ਲਿੱਖੀ ਇਬਾਰਤ ਵਿੱਚ ਦਰਜ ਹੈ 'ਸਿੱਕਾ ਜਦ ਬਰ ਹਰ ਦੋ ਆਲਮ ਵ ਫ਼ਜ਼ਲ ਸਖੀ ਸ਼ਾਹ ਗੋਬਿੰਦ ਸਿੰਘ ਖ਼ੁਦ ਮਹਾਰਾਜ ਹਾਂ ਤੇਗ ਪਨਾਹ' । ਏਹ ਤਲਵਾਰ ਗੁਰੂ ਕਲਗੀਧਰ ਜੀ ਨੇ ਬਾਬਾ ਤ੍ਰਿਲੋਕ ਸਿੰਘ ਨੂੰ ਬਖ਼ਸ਼ੀ ਸੀ ।

ਇੱਥੇ ਭੀ ਸੰਗਰੂਰ ਰਿਯਾਸਤ ਜਿੰਦ ਵਿੱਚ ਮਹਾਰਾਜ ਜੀ ਦੇ ਸ਼ਸਤ੍ਰਾਂ ਦੀ ਸੇਵਾ-ਪੂਜਾ ਸਤਿਕਾਰ ਹੁਣ ਤਕ ਹੋ ਰਿਹਾ ਹੈ । ਕਿਉਂ ਭਾਈ ਸ਼ੰਕਾਵਾਦੀ ਪ੍ਰੇਮੀਓ, ਤੁਹਾਡੇ ਵਰਗਾ ਵਿਦਵਾਨ ਖੋਜੀ ਇਤਹਾਸਕਾਰ ਰਾਜੇ ਮਹਾਰਾਜਿਆਂ, ਰਈਸਾਂ ਪਾਸ ਕੋਈ ਭੀ ਨਹੀਂ ਕਿ ਜੇੜ੍ਹਾ ਉਨ੍ਹਾਂ ਨੂੰ ਸਮਝਾਏ ਕਿ ਏਹ ਗੁਰਮਤ ਦੇ ਉਲਟ ਹੈ ?

## ਰਿਆਸਤ ਫ਼ਰੀਦਕੋਟ ਮੇਂ

ਇੱਥੇ ਗੁਰੂ ਜੀ ਦੇ ਏਹ ਸ਼ਸਤ੍ਰ ਹਨ : -

੧. ਖੜਗ, ਅਤੇ
੨. ਢਾਲਾਂ, ਜੋ ਗੁਰੂ ਜੀ ਨੇ ਚੌਧਰੀ ਕਪੂਰ ਸਿੰਘ ਨੂੰ ਬਖ਼ਸ਼ੇ ਸਨ । ਇੱਥੇ ਭੀ ਸੇਵਾ-ਪੂਜਾ ਔਰ ਸਤਿਕਾਰ ਹੁਣ ਤਕ ਹੋ ਰਹੀ ਹੈ ।

ੴ ਸਤਿਗੁਰਪ੍ਰਸਾਦਿ ॥

ਸਰਣਿ ਨਾਥ ਤੋਰੀਅੰ ਉਬਾਰ ਲਾਜ ਮੋਰੀਅੰ

ਜਿਤੇ ਸ਼ਰਨ ਜੈਹੈ ॥ ਤਿਤਿਓ ਰਾਖ ਲੈਹੈ ॥ [੧੩]

ਬਿਨਾ ਸ਼ਰਨ ਤਾ ਕੀ ਨਹੀ ਔਰ ਓਟੰ ॥ [੧੪]

[੧੩] ਬਚਿੱਤ੍ਰ ਨਾਟਕ, ਪੰਨਾ ੪੪, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੧੪] ਬਚਿੱਤ੍ਰ ਨਾਟਕ, ਪੰਨਾ ੪੪, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਦਮਦਮਾ ਸਾਹਿਬ (ਤਿਲਵੰਡੀ ਸਾਬੋ) ਇੱਥੇ ਡੱਲੇ ਸਿੰਘ ਜੀ ਆਓਨਦੇ ਵਿਚ ਸ੍ਰਦਾਰ ਸ਼ਮਸ਼ੇਰ ਸਿੰਘ ਜੀ ਦੇ ਪਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਏਹ ਖੜਗ ਹੈ । ਏਹ ਖੜਗ ਗੁਰੂ ਸਾਹਿਬ ਜੀ ਨੇ ਡੱਲੇ ਸਿੰਘ ਨੂੰ ਬਖ਼ਸ਼ੀ ਸੀ । ਇਦ੍ਹੀ ਭੀ ਸੇਵਾ-ਪੂਜਾ ਹੁਨ ਤਕ ਹੋ ਰਹੀ ਹੈ । ਸਾਧ ਸੰਗਤ ਜੀਓ, ਸ਼ਸਤ੍ਰਾਂ ਮੁਕਾਬਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਇਕ ਪਦਾਰਥਾਂ ਨੂੰ ਤੁੱਛ ਗਿਨਦੇ ਸਨ । ਪ੍ਰਮਾਣ ਵਜੋਂ ਗਿਆਨੀ ਗਿਆਨ ਸਿੰਘ 'ਤਵਾਰੀਖ਼ ਗੁਰੂ ਖ਼ਾਲਸਾ' ਛਾਪਾ ਪੱਥਰ, ਸਫ਼ਾ ੨੫੮ : -

ਬਿਨਾ ਤੇਗ ਤੀਰੰ ਰਹੋ ਨਾ ਭਾਈ ॥ ਇਹੈ ਮੋਰ ਬੈਨਾ ਮੰਨੇਗਾ ਸੁ ਕੋਈ ॥ ਤਿਸੈ ਇਛੇ ਪੂਰੰ ਸਭੈ ਜਾਨ ਹੋਈ ॥

ਸਾਧ ਸੰਗਤ ਜੀਓ, ਏਹ ਸ਼ੰਕਾਵਾਦੀ ਨਿਹੰਗ ਸਿੰਘਾਂ ਨਾਲੋਂ ਭੀ ਵਧ ਗੁਰਸਿੱਖ ਹਨ ਔਰ ਰਹਿਤ ਮ੍ਰਿਜਾਦਾ ਦੇ ਉਨ੍ਹਾਂ ਨਾਲੋਂ ਭੀ ਜ਼ਿਆਦਾ ਹਨ ? ਨਿਹੰਗ ਸਿੰਘ ਜਿਤਨੀ ਰਹਿਤ ਮ੍ਰਿਜਾਦਾ ਔਰ ਗੁਰਮਤ ਤੇ ਚਲਨ ਵਾਲਾ ਕੋਈ ਕੋਈ ਹੋਵੇਗਾ । ਨਿਹੰਗ ਸਿੰਘ ਹਮੇਸ਼ਾ ਸ਼ਸਤ੍ਰ ਨੂੰ ਨਮਸ਼ਕਾਰ, ਅਦਬ-ਸਤਕਾਰ ਕਰਦੇ ਹਨ । ਕਈ ਨਿਹੰਗ ਸਿੰਘ ਸਿੰਘ ਤੋ ਦੇਖਨ ਵਿੱਚ ਆਏ ਹਨ ਕਿ ਜਦੋਂ ਭੀ ਸ੍ਰੀ ਸਾਹਿਬ ਮਿਆਨ ਵਿੱਚੋਂ ਬਾਹਰ ਕੱਢਦੇ, ਦਰਸ਼ਨ ਕਰ ਕੇ, ਨਮਸ਼ਕਾਰ ਕਰ ਕੇ ਮੱਥਾ ਟੇਕ ਕੇ ਫੇਰ ਮਿਆਨ ਵਿੱਚ ਪਾਉਂਦੇ ਹਨ । ਨਿਹੰਗ ਸਿੰਘ ਦੇ ਬੁੱਢੇ ਦਲ ਵਿਚ ਭੀ ਹਜ਼ੂਰ ਸਾਹਿਬ ਵਾਲੀ ਮ੍ਰਿਜਾਦਾ ਹੈ । ਔਰ ਬੁੱਢੇ ਦਲ ਦੇ ਨਿਹੰਗ ਸਿੰਘ ਉਸ ਨੂੰ ਫਰਲਾ ਦੇਂਦੇ ਹਨ, ਯਾ ਨਿਹੰਗ ਸਿੰਘ ਸਜਾਂਵਦੇ ਹਨ, ਜਿਸ ਨੇ ਹਜ਼ੂਰ ਸਾਹਿਬ ਤੋਂ ਯਾ ਬੁੱਢਾ ਦਲ ਤੋਂ ਅਮ੍ਰਿਤ ਛੱਕਿਯਾ ਹੋਵੇ ।

ੴ ਸਤਿਗੁਰਪ੍ਰਸਾਦਿ ॥

ਦੋਹਰਾ ॥
ਦਾਸ ਜਾਨ ਕਰ ਦਾਸ ਪਰ ਕੀਜੈ ਕਿਰਪਾ ਅਪਾਰੁ ॥ ਆਪ ਹਾਥ ਦੈ ਰਾਖੁ ਮੋਹਿ ਮਨ ਕਰਮ ਬਚਨ ਬਿਚਾਰ ॥

ਮਾਨਯੋਗ ਸਾਧ ਸੰਗਤ ਜੀਓ, ਕਲਗੀਧਰ ਦਸ਼ਮੇਸ਼ ਪਿਤਾ ਜੀ ਕਿਰਪਾਨ ਬਾਰੇ ਵ ਸ਼ਸਤ੍ਰਾਂ ਬਾਰੇ ਕੀ ਹੁਕਮ ਦੇਂਦੇ ਹਨ : -

ਰਹਿਤਨਾਮਾ ਭਾਈ ਦਯਾ ਸਿੰਘ ਜੀ ॥
ਕੱਛ ਕਿਰਪਾਨ ਨ ਕਬਹੂੰ ਤਿਆਗੇ ॥ ਸਨਮੁਖ ਲਰੈ ਨ ਰਣਿ ਤੇ ਭਾਗੈ ॥

ਸ਼ਸਤ੍ਰਹੀਨ ਜੋ ਕਬਹੂੰ ਨ ਹੋਈ ॥ ਰਹਿਤਵਾਨ ਗੁਰ ਕਾ ਸਿੰਘ ਸੋਈ ॥ [੧੫]

---

[੧੫] ਇਹ ਪੰਕਤੀਆਂ 'ਰਹਿਤਨਾਮਾ ਭਾਈ ਦਇਆ ਸਿੰਘ' ਵਿੱਚੋਂ ਨਹੀਂ, ਬਲਕਿ 'ਰਹਿਤਨਾਮਾ ਭਾਈ ਦੇਸਾ ਸਿੰਘ' ਵਿੱਚੋਂ ਹਨ। ਕੁੱਝ ਪਾਠ-ਭੇਦ ਨਾਲ ਇਹ ਪੰਕਤੀਆਂ ਇਸ ਪ੍ਰਕਾਰ ਹਨ : "ਕਛ ਕ੍ਰਿਪਾਨ ਨ ਕਬਹੂੰ ਤਿਆਗੈ । ਸਨਮੁਖ ਲਰੈ, ਨ ਰਣ ਤੇ ਭਾਗੈ ।" ਤੇ "ਸ਼ਸਤ੍ਰਹੀਨ ਕਬਹੂ ਨਹਿ ਹੋਈ । ਰਹਤਵੰਤ ਖ਼ਾਲਸਾ ਸੋਈ ।"

ਸਾਧ ਸੰਗਤ ਜੀਓ, ਇਸੇ ਉਪ੍ਰਲੇ ਕਥਨ ਕੀਤੇ ਹੋਏ ਰਹਿਤਨਾਮੇ ਵਿਚ ਕਿਰਪਾਨ ਦਾ ਜੋ ਹੁਕਮ ਹੈ, ਇਸ ਹੁਕਮ ਦੀ ਪਾਲਨਾ ਕਰਦੇ ਹੋਏ ਪੰਥ ਨੇ ਮੌਜੂਦਾ ਸਮੇਂ ਵਿੱਚ ਕਿਰਪਾਨ ਆਜ਼ਾਦ ਕਰਾਵਨ ਵਾਸਤੇ ਅਨੇਕਾਂ ਕਸ਼ਟ ਸਹਾਰੇ । ਕਈ ਸਿੰਘਾਂ ਨੇ ਏਹ ਵਿਚਾਰਿਆ ਕਿ ਕਿਰਪਾਨ ਸਾਡੇ ਪੰਜ ਕਕਾਰਾਂ ਵਿੱਚ ਹੈ । ਜਿਤਨਾ ਚਿਰ ਅਸੀਂ ਕਿਰਪਾਨ ਦੇ ਦਰਸ਼ਨ ਨਹੀਂ ਕਰਾਂਗੇ, ਉਤਨ ਚਿਰ ਅਸੀਂ ਅੰਨ ਨਹੀਂ ਛਕਾਂਗੇ । ਉਨ੍ਹਾਂ ਦੀ ਭੁੱਖ ਹੜਤਾਲ ਉਤਨਾ ਚਿਰ ਜਾਰੀ ਰਹੀ ਕਿ ਜਦ ਤਕ ਕਿਰਪਾਨ ਦੇ ਦਰਸ਼ਨ ਨਹੀਂ ਕਰ ਲੀਤੇ, ਕਿਰਪਾਨ ਆਜ਼ਾਦ ਨਹੀਂ ਕਰੀ ਲੀ ਤੇ ਕਿਰਪਾਨ ਆਜ਼ਾਦ ਨਹੀਂ ਕਰਾ ਲੀ ਔਰ ਗਾਤ੍ਰੇ ਨਹੀਂ ਪਹਿਨ ਲਈ । ਇਸ ਮੋਰਚੇ ਦਾ ਬਹੁਤ ਵਿਸਥਾਰ ਹੈ । ਏਥੇ ਥੋੜੇ ਲਫ਼ਜ਼ਾਂ ਵਿੱਚ ਵਰਨਨ ਕਰਨ ਦੀ ਕੋਸ਼ਿਸ਼ ਕੀਤੀ ਹੈ ।

(ੳ) ਸ਼ਮਸ਼ੇਰ (ਤਲਵਾਰ) ਅਤੇ (ਅ) ਢਾਲ, ਏਹ ਦੋਵੇਂ ਸ਼ਸਤ੍ਰ ੩੦ ਵਸਾਖ, ਸੰਮਤ ੧੮੮੦ ਮੁਤਾਬਕ ਸੰਨ ੧੮੧੩ ਈ: ਨੂੰ ਪਿਸ਼ਾਵਰ ਨਿਵਾਸੀ ਦਿਆ ਸਿੰਘ ਨਾਮੀ ਸਜਨ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਪੇਸ਼ ਕੀਤੇ । ਮਹਾਰਾਜਾ ਨੇ ਉਸਨੂੰ ਇਨ੍ਹਾਂ ਦੇ ਬਦਲੇ ਇੱਕ ਖੂਹ ਅਤੇ ਇੱਕ ਸੂਟ ਕਪੜਿਆਂ ਦਾ ਦਿੱਤਾ ।

ਸ੍ਰੀਮਾਨਯੋਗ ਸਾਧ ਸੰਗਤ ਜੀਓ, ਏਹ ਉਪ੍ਰਲੇ ਸ਼ਸਤ੍ਰਾਂ ਦੇ ਇਤਹਾਸ ਆਪਨੇ ਪੜ੍ਹ ਸੁਣਿ ਲੀਆ ਕਿ ਜਿਨ੍ਹਾਂ ਨੂੰ ਮਹਾਰਾਜ ਜੀ ਦੇ, ਗੁਰੂ ਸਾਹਿਬ ਦੇ ਸ਼ਸਤ੍ਰਾਂ ਦਾ ਕਦਰ ਹੈ, ਕਿਸ ਤਰ੍ਹਾਂ ਓਹ ਦਰਸ਼ਨ ਕਰਕੇ ਖ਼ੁਸ਼ੀ ਵਿੱਚ ਆ ਕੇ ਇੱਕ ਖੂਹ, ਉਸ ਦੇ ਹਿਸਾਬ ਦੀ ਜ਼ਮੀਨ ਭੇਟਾ ਵਜੋਂ ਦੇਂਦੇ ਹਨ ਖ਼ੁਸ਼ੀ ਵਿੱਚ ਆ ਕੇ ਔਰ ਇੱਕ ਸ਼ਾਹੀ ਲਿਬਾਸ ਦਾ ਸੂਟ ਬਖ਼ਸ਼ਦੇ ਹਨ ਔਰ ਸ਼ੰਕਾਵਾਦੀ ਕਹਿੰਦੇ ਹਨ ਕਿ ਸ਼ਸਤ੍ਰਾਂ ਦੇ ਦਰਸ਼ਨ, ਸੇਵਾ-ਪੂਜਾ ਫ਼ਾਲਤੂ ਹੈ ।

(ਘ) ਬਰਛਾ ਅੱਠ ਸਾਲ ਪਹਿਲਾਂ ਜਦ ਖ਼ਾਲਸਾ ਫ਼ੌਜ ਨੇ ਜੰਮੂ ਤੇ ਚੜ੍ਹਾਈ ਕੀਤੀ, ਤਾਂ ਇਹ ਸ਼ਸਤ੍ਰ ਉਸ ਦੇ ਹੱਥ ਲਗਿਯਾ ਸੀ । ਸਾਰਾ ਖ਼ਾਲਸਾ ਫ਼ੌਜ ਇਸ ਦੀ ਪੂਜਾ ਕਰਦੀ ਹੁੰਦੀ ਸੀ । ਕਿਉਂ ਭਾਈ ਸ਼ੰਕਾਵਾਦੀਓ, ਏਹ ਖ਼ਾਲਸਾ ਫ਼ੌਜ ਸਾਰੀ ਗੁਰੂ ਸਾਹਿਬ ਜੀ ਦੇ ਬਰਛੇ ਦੀ ਪੂਜਾ ਕਿਉਂ ਕਰਦੀ ? ਫੇਰ ਓਹ ਫ਼ੌਜ, ਲਾਹੌਰ ਦਰਬਾਰ ਦੀ ਖ਼ਾਲਸਾ ਫ਼ੌਜ, ਜਿਸ ਵਿੱਚ ਬਾਬਾ ਫੂਲਾ ਸਿੰਘ ਜੀ ਵਰਗੇ ਅਕਾਲ ਤਖ਼ਤ ਸਾਹਿਬ ਜੀ ਦੇ, ਬੁੱਢਾ ਦਲ ੯੬ ਛਿਆਨਵੇਂ ਕਰੋੜੀਏ ਜੱਥੇਦਾਰ ਮੌਜੂਦ ਸਨ । ਜੇੜ੍ਹਾ ਮਹਾਰਾਜਾ ਰਣਜੀਤ ਸਿੰਘ ਸਮੇਤ ਖ਼ਾਲਸਾ ਫ਼ੌਜ ਸਮੇਤ ਸਾਰੇ ਪੰਥ ਨੂੰ ਗੁਰ ਮ੍ਰਿਜਾਦਾ ਵਿੱਚ ਚਲਦੇ ਸਨ । ਕੋਈ ਭੀ ਗੁਰ ਮ੍ਰਿਜਾਦਾ ਤੋਂ ਉਲਟ ਜਾਂਦਾ, ਚਾਹੇ ਰਾਜਾ, ਚਾਹੇ ਪ੍ਰਜਾ, ਤਾਂ ਜੱਥੇਦਾਰ ਸਾਹਿਬ ਕੰਟਰੋਲ ਕਰਦੇ ਸਨ ਔਰ ਡੰਡ ਲਾਂਵਦੇ ਸਨ । ਸ਼ੰਕਾਵਾਦੀ ਸਜਨੋ, ਉਨ੍ਹਾਂ ਨੇ ਏਹ ਬ੍ਰਛੇ ਦੀ ਪੂਜਾ ਸਤਿਕਾਰ ਕਿਉਂ ਨਾ ਰੋਕਿਯਾ । ਅਗਰ ਏਹ ਗੁਰੂ ਸਾਹਿਬ ਦੇ ਮ੍ਰਿਜਾਦਾ ਦੇ ਉਲਟ ਹੁੰਦਾ, ਤਾਂ ਜੰਮੂ ਕਸ਼ਮੀਰ ਦੀ ਚੜ੍ਹਾਈ ਵਿੱਚ ਬਾਬਾ ਫੂਲਾ ਸਿੰਘ ਅਪਨਾ ਅਕਾਲੀ ਜਥਾ ਲੈ ਕੇ ਵ ਦਲ ਮੌਜੂਦ ਸਨ । ਉਨ੍ਹਾਂ ਨੇ ਏਹ ਪੂਜਾ ਬ੍ਰਛੇ ਦੀ ਕਿਉਂ ਹੋਣ ਦਿੱਤੀ, ਜੰਮੂ ਤੇ ਚੜ੍ਹਾਈ ਕਰਨ ਵਾਲੀ ਫ਼ੌਜ ਕਰ ਰਹੀ ਸੀ ? ਜਿਸ ਤਰ੍ਹਾਂ ਕਿ ਏਹ ਖ਼ਾਲਸਾ ਫ਼ੌਜ ਮਹਾਰਾਜਾ ਰਣਜੀਤ ਸਿੰਘ ਲਾਹੌਰ ਦਰਬਾਰ ਵਾਲੀ ਗੁਰੂ ਸਾਹਿਬ ਜੀ ਦੇ ਬਰਛੇ ਦੀ ਪੂਜਾ ਕਰਦੇ ਸਨ, ਉਸੇ ਤਰ੍ਹਾਂ ਸ੍ਰੀ ਤਖ਼ਤ ਹਜ਼ੂਰ ਸਾਹਿਬ ਸਚਖੰਡ ਅਬਚਲ ਨਗਰ ਵਿੱਚ ਗੁਰੂ ਸਾਹਿਬ ਜੀ ਦੇ, ਮਹਾਰਾਜ ਜੀ ਦੇ, ਸ਼ਹੀਦਾਂ ਸਿੰਘਾਂ ਦੇ ਅਧਬ ਵਾਲੀ ਉੱਚੀ ਥਾਂ ਰੱਖ ਕੇ ਹਜ਼ੂਰੀ ਸਿੰਘ ਵ ਹਜ਼ੂਰੀ ਸੇਵਾਦਾਰ ਸੇਵਾ-ਪੂਜਾ ਕਰਦੇ ਹਨ । ਬਾਹਰੋਂ ਆਈਆਂ ਸੰਗਤਾਂ ਦਰਸ਼ਨ ਦਿਦਾਰੇ ਕਰਕੇ ਗਦ-ਗਦ ਹੁੰਦੀਆਂ ਹਨ ਵ

ਪ੍ਰਸੰਨ ਹੁੰਦੀਆਂ ਹਨ । ਉਨ੍ਹਾਂ ਨੂੰ ਸ੍ਰੀ ਮੰਜੀ ਸਾਹਿਬ ਦੇ ਉਤੈ ਵ ਛਪੇਰੀ ਸ਼ਸਤ੍ਰਾਂ ਵਿੱਚੋਂ ਕਲਗੀਧਰ ਦਸ਼ਮੇਸ਼ ਪਿਤਾ ਜੀ ਦਾ ਝਲਕਾ ਵ ਜਲਵਾ ਪੈਂਦਾ ਹੈ । ਕਿਉਂ ਭਾਈ ਸ਼ੰਕਾਵਾਦੀਓ, ਪ੍ਰੇਮੀਓ, ਸਾਰੀ ਸੰਗਤ ਮਹਾਰਾਜ ਜੀ ਦੇ ਸ਼ਸਤ੍ਰਾਂ ਦੇ ਦਰਸ਼ਨ ਕਰਕੇ ਨਮਸ਼ਕਾਰ ਵ ਮੱਥਾ ਟੇਕ ਕੇ ਪ੍ਰਕਰਮਾ ਕਰਦੇ ਦੇਖੋ ਕਿਸ ਤਰ੍ਹਾਂ ਖ਼ੁਸ਼ ਹੋ ਰਹੇ ਹਨ ਸੰਗਤਾਂ । ਕਿਉਂ ਭਾਈ ਸ਼ੰਕਾਵਾਦੀਓ, ਤੁਹਾਡੇ ਮੱਥੇ ਤੇ ਉਤੈ ਕਿਉਂ ਤੇਵੜੀਆਂ ਪੈਂਦੀਆਂ ਹਨ ? ਤੁਹਾਡੇ ਕਿਉਂ ਢਿੱਡ ਪੀੜ ਹੁੰਦੀ ਹੈ, ਮਹਾਰਾਜ ਜੀ ਦੇ ਵ ਗੁਰੂ ਸਾਹਿਬ ਜੀ ਦੇ ਸ਼ਸਤ੍ਰਾਂ ਦੀ ਪੂਜਾ ਸਤਕਾਰ ਹੁੰਦਾ ਦੇਖ ਕੇ ? ਆਓ ਭਾਈ ਪ੍ਰੇਮੀਓ ਸ਼ੰਕਾਵਾਦੀਓ, ਤੁਸੀਂ ਭੀ ਅਦਬ ਸਤਿਕਾਰ ਵਿੱਚ ਹੋ ਕੇ ਮਹਾਰਾਜ ਜੀ ਦੇ ਸਾਮਨੇ ਗਲ ਵਿੱਚ ਪੱਲਾ ਪਾ ਕੇ, ਮੱਥਾ ਟੇਕੋ ਔਰ ਸ੍ਰਧਾ ਵਿੱਚ ਹੋ ਕੇ ਸ਼ਸਤ੍ਰਾਂ ਵਿਚੋਂ ਗੁਰੂ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕਰੋ ਔਰ ਪ੍ਰਕਰਮਾ ਕਰਦੇ ਹੋਏ ਸਾਮਨੇ ਆ ਕੇ ਪਿੱਛਲੀਆਂ ਭੁੱਲਾਂ ਬਖ਼ਸ਼ਾਂਵਦੇ ਹੋਏ ਅਪਨੀ ਯਾਤ੍ਰਾ ਸਫਲ ਕਰੋ । ਮਹਾਰਾਜ ਜੀ ਦੇ ਸਾਮਨੇ ਖੜੇ ਹੋ ਕੇ, ਹਾਥ ਜੋੜ ਕੇ ਬੇਨਤੀ ਕਰੋ ਕਿ ਕਲਗੀਧਰ ਦਸ਼ਮੇਸ਼ ਪਿਤਾ ਜੀਓ, ਪਿਛਲੇ ਅਵਗੁਨ ਬਖ਼ਸ਼ ਲੈ, ਪ੍ਰਭੂ ਆਗੇ ਮਾਰਗ ਪਾਵੇ : -

ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥ ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ ॥ [੧੬]

ਆਓ ਸਾਧ ਸੰਗਤ ਜੀ, ਆਪਾਂ ਏਹ ਖੋਜ ਕਰੀਏ ਕਿ ਮਹਾਰਾਜ ਜੀ ਦੇ ਸ਼ਸਤ੍ਰ ਲੰਡਨ ਕਿਸ ਤਰ੍ਹਾਂ ਗਏ ਔਰ ਕਦ ਗਏ ਔਰ ਏਹ ਸ਼ਸਤ੍ਰ ਮਹਾਰਾਜਾ ਰਣਜੀਤ ਸਿੰਘ ਜੀ ਪਾਸ ਲਾਹੌਰ ਕਿਸ ਤਰ੍ਹਾਂ ਆਏ । ਏਹ ਸ਼ਸਤ੍ਰ ਮਹਾਰਾਜ ਜੀ ਦੇ, ਲੰਡਨੋਂ ਦਿੱਲੀ ਕਿਸ ਤਰ੍ਹਾਂ ਆਏ ਔਰ ਕਿਸ ਤਰ੍ਹਾਂ ਉਨ੍ਹਾਂ ਦਾ ਸਵਾਗਤ, ਸੇਵਾ-ਪੂਜਾ ਹੋਈ ਔਰ ਕਿਸ ਤਰ੍ਹਾਂ ਅਕਾਲ ਤਖ਼ਤ ਸਾਹਿਬ ਤੋਂ ਹੁਕਮ ਜਾਰੀ ਹੋਇਆ ਕਿ ਸ਼ਸਤ੍ਰਾਂ ਦੀ ਸਾਰਾ ਹਿੰਦੁਸਤਾਨ, ਸਾਰੀ ਜਨਤਾ, ਚਾਰੇ ਵਰਨ ਏਹ ਮਹਾਰਾਜ ਜੀ ਦੇ ਵ ਗੁਰੂ ਸਾਹਿਬ ਜੀ ਦੇ ਸ਼ਸਤ੍ਰਾਂ, ਲੰਡਨ ਤੋਂ ਆਇਆਂ ਹੋਇਆਂ ਦੀ, ਸੇਵਾ ਪੂਜਾ ਫੂਲਹਾਰ ਭੇਟਾ ਔਰ ਸ਼ਹਿਰਾਂ ਵਿੱਚ ਸਜਾਵਟ ਕੀਤੀ ਜਾਏ । ਇਸ ਹੁਕਮ ਅਨੁਸਾਰ ਸੇਵਾ-ਪੂਜਾ ਹੋਈ ਔਰ ਹੁਣ ਤਕ ਹੋ ਰਹੀ ਹੈ ।

## ਲਾਹੌਰ ਦਰਬਾਰ

(ੲ) ਹਲੋ ਦੀ ਦਾਓ (ਸ੍ਰਬਲੋਹ ਦਾ ਇਕ ਹਥਿਆਰ) ੨੮ ਵਰ੍ਹੇ ਪਹਿਲਾਂ ਇਹ ਸ਼ਸਤ੍ਰ ਮਹਾਰਾਜੇ ਨੂੰ ਇਕ ਪਹਾੜੀਏ ਨੇ ਲਿਆ ਕੇ ਦਿਤਾ ਸੀ ।

(ਸ) ਨੇਜਾ, ਏਹ ਸ਼ਸਤ੍ਰ ਅਬਚਲਨਗਰ ਹਜ਼ੂਰ ਸਾਹਿਬ ਦੇ ਸਿੰਘਾਂ ਨੇ ਮਹਾਰਾਜੇ ਦੇ ਪੇਸ਼ ਕੀਤਾ ਸੀ ।

(ਹ) ਸ੍ਰਬਲੋਹ ਦਾ ਚੱਕਰ । ਅਟਕ ਦੇ ਮੁਕਾਮ ਤੇ ਏਹ ਸ਼ਸਤ੍ਰ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਅਕਾਲੀ ਸਿੰਘ ਨੇ ਦਿਤਾ ਸੀ ।

(ਕ) ਸ਼ਮਸ਼ੇਰ ਤੇਗਾ । ਏਹ ਸ਼ਸਤ੍ਰ ਭਾਰਤੀ ਨਾਮੇ ਇਕ ਸਜਨ ਤੋਂ ੨੫ ਮਘਰ ਸੰਮਤ ੧੮੭੮, ਮੁਤਾਬਕ ਸੰਨ ੧੮੨੧ ਈ: ਨੂੰ ਮਹਾਰਾਜਾ ਰਣਜੀਤ ਸਿੰਘ ਨੇ ਲਿਆ ਅਤੇ ਤੋਸ਼ੇਖ਼ਾਨੇ ਵਿਚ ਜਮ੍ਹਾ ਕੀਤਾ ਸੀ । ਸ੍ਰਦਾਰ

[੧੬] ਬਿਲਾਵਲੁ ਮਹਲਾ ੫, ਪੰਨਾ ੮੨੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਕਾਨ੍ਹ ਸਿੰਘ ਨਾਭਾ ਨੇ ਪੰਜਾਬ ਗਵਰਮੈਂਟ ਦੇ ਰਿਕਾਰਡ ਨਹੀਂ ਦੇਖੇ ਸਨ, ਇਸ ਲਈ ਉਨ੍ਹਾਂ ਨੇ ਅੰਗਰੇਜ਼ੀ ਕਿਤਾਬ ਲੁਓਦੇ ਲੋਗਮਏਰ ਲਲਏਚਟੋਨਿ ਸਫ਼ਾ ੮੦ ਦਾ ਹਵਾਲਾ ਦੇ ਕੇ ਲਿਖਿਆ ਹੈ ਜਦ ਲਾਹੌਰ ਪ੍ਰ ਅੰਗ੍ਰੇਜ਼ੀ ਕਬਜ਼ਾ ਹੋਆ, ਤਦ ਡਾਕਟਰ ਲੁਓਗਨਿ ਨੇ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਕਿਸ ਤਰ੍ਹਾਂ ਆਈ ਅਤੇ ਹੁਣ ਉਹ ਅਮੋਲਕ ਵਸਤੂ ਕਿਥੇ ਹੈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰ-ਅਸਤ੍ਰ ੨੩ ਸਤੰਬ੍ਰ, ਸੰਨ ੧੮੫੧ ਨੂੰ ਗਵਰਮੈਂਟ ਦੇ ਤੋਸ਼ੇਖ਼ਾਨੇ ਵਿਚ ਦਾਖ਼ਲ ਕਰਨ ਲੀਏ ਭੇਜੇ ਗਏ । ਪੰਜਾਬ ਦੇ ਇਲਾਕੇ ਵਿਚੋਂ ਇਨ੍ਹਾਂ ਸ਼ਸਤ੍ਰਾਂ-ਅਸਤ੍ਰਾਂ ਨੂੰ ਸਹੀ-ਸਲਾਮਤ ਲੰਘਾਵਣ ਲਈ ੩੧ ਆਦਮੀ, ਜਿਨ੍ਹਾਂ ਵਿਚੋਂ ੧ ਜਮਾਦਾਰ, ੨ ਹੌਲਦਾਰ, ੨ ਨਾਇਕ ਤੇ ੨੬ ਸਿਪਾਹੀ ਸਨ, ਬਤੌਰ ਇਸਚੋਰਟ ਦੁਟੇ ਅੰਬਾਲੇ ਤਕ ਗਏ ਸਨ ।

ਨੋਟ: ਪੰ: ਗੁ: ਰੀ: ਜਨਰਲ ਡੀਪਾਰਟਮੈਂਟ ਨੰਬ੍ਰ ੧੯-੨੧, ੪ ਅਕਤੂਬਰ, ੧੮੫੧ ।

ਸੋ ਸਾਧ ਸੰਗਤ ਜੀਓ, ਆਪ ਜੀ ਨੂੰ ਉਪ੍ਰਲੇ ਇਤਹਾਸ ਤੋਂ ਪਤਾ ਲਗ ਗਿਆ ਹੋਗਾ ਕਿ ਕਲਗੀਧਰ ਦਸ਼ਮੇਸ਼ ਪਿਤਾ ਜੀ ਦੇ ਸ਼ਸਤ੍ਰ ਲਾਹੌਰ ਮਹਾਰਾਜਾ ਰਣਜੀਤ ਸਿੰਘ ਪਾਸ ਕਿਸਤਰ੍ਹਾਂ ਪੁਜੇ, ਅਰ ਕਿਥੇ ਕਿਥੇ ਆਏ ਔਰ ਲਾਹੌਰ ਤੋਂ ਅੰਗਰੇਜ਼ਾਂ ਨੇ ਕਿਸਤਰ੍ਹਾਂ ਲੰਡਨ ਭੇਜੇ ਵ ਲੈ ਗਏ ਔਰ ਓਥੋਂ ਖ਼ਾਲਸਾ ਪੰਥ ਨੇ ਕਿਸਤਰ੍ਹਾਂ ਵਾਪਸ ਮੰਗਾਏ, ਏਹ ਤਾਂ ਆਪ ਜੀ ਦੇ ਸਾਮਨੇ ਹੈ । ਏਸ ਦਾ ਵਿਸਥਾਰ ਕਰਨ ਦੀ ਕੋਈ ਜ਼ਰੂਰਤ ਨਹੀਂ ਭਾਸਦੀ, ਸੋ ਸਾਧ ਸੰਗਤ ਜੀਓ, ਆਓ ਆਪਾਂ ਅਪਨੇ ਤੋੜੇ ਹੋਏ ਪ੍ਰਸੰਗ ਵਲ ਆਈਏ ਕਿ ਸ਼ਸਤ੍ਰਾਂ ਦੀ ਸੇਵਾ-ਪੂਜਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਹੀ ਹੁੰਦੀ ਹੈ ਕਿ ਸਾਰੇ । ਜਿਸ ਵਖਤ ਗੁਰੂ ਸਾਹਿਬ ਜੀ ਦੇ ਪਵਿਤ੍ਰ ਸ਼ਸਤ੍ਰ ਲੰਡਨ ਤੋਂ ਹਵਾਈ ਜਹਾਜ਼ ਰਾਹੀਂ ਦਿੱਲੀ ਹਵਾਈ ਅੱਡਾ, ਪਾਲਮ ਤੇ ਉਤਰੇ ਸੀ, ਉਸ ਵਖਤ ਓਹ ਜਹਾਜ਼ ਦੇ ਉਤੈਂ ਮਹਾਰਾਜ ਜੀ ਦਾ ਬਾਜ਼ ਉਡਿਆ ਆ ਰਿਹਾ ਸੀ । ਮਾਨੋ ਕਿ ਹਿੰਦੁਸਤਾਨ ਪਹੁੰਚਾਨੇ ਕੋ ਆਇਆ ਵ ਏਹ ਪਵਿਤ੍ਰ ਸ਼ਸਤ੍ਰ ਖ਼ਾਲਸਾ ਪੰਥ ਦੇ ਹਵਾਲੇ ਕਰਨ ਆਇਆ ਹੈ । ਏਸ ਬਾਜ਼ ਦੇ ਦਰਸ਼ਨ ਉਦੋਂ ਤਕ ਹੁੰਦੇ ਰਹੇ । ਜਦੋਂ ਸਾਰੀ ਸੰਗਤ ਨੇ ਬਾਜ਼ ਦੇ ਦਰਸ਼ਨ ਕਰ ਕੇ ਜੇੜ੍ਹੇ ਉਸ ਵਖਤ ਅੱਡੇ ਤੇ ਮੌਜੂਦ ਸਨ, ਜੈਕਾਰੇ ਜਦ ਗਜਾਏ, ਉਸ ਵਖਤ ਜੈਕਾਰਿਆਂ ਦੀ ਆਵਾਜ਼ ਸੁਨ ਕੇ ਮਹਾਰਾਜ ਜੀ ਦਾ ਬਾਜ਼ ਅਲੋਪ ਹੋ ਗਯਾ । ਨੋਟ: ਬਾਜ਼ ਦਾ ਜ਼ਿਕਰ ਗੁਰਮੁਖੀ ਅਖ਼ਬਾਰ 'ਫ਼ਤਹ' ਵਿਚ ਅਸਾਂ ਪੜ੍ਹਿਆ ਸੀ ।

ਜਿਸ ਵਖਤ ਜਹਾਜ਼ ਮਹਾਰਾਜ ਜੀ ਦੇ ਸ਼ਸਤ੍ਰਾਂ ਅਡੇ ਤੇ ਉਤਾਰਾ, ਉਸ ਵਖਤ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤ੍ਰੀ ਔਰ ਪੰਜਾਬ ਦੇ ਗਵਰਨਰ ਉਜੱਲ ਸਿੰਘ ਜੀ ਆਦਿਕ ਸਾਰੇ ਮਨਿਸਟਰ ਉਸ ਵਖਤ ਹਾਜ਼ਰ ਸਨ । ਜਿਸ ਵਖਤ ਕਲਗੀਧਰ ਦਸ਼ਮੇਸ਼ ਪਿਤਾ ਜੀ ਦੇ ਪਵਿਤ੍ਰ ਸ਼ਸਤ੍ਰ ਜਹਾਜ਼ ਵਿਚੋਂ ਬਾਹਰ ਆਏ, ਸਭ ਤੋਂ ਪਹਿਲਾਂ ਲਾਲ ਬਹਾਦਰ ਸ਼ਾਸਤ੍ਰੀ ਜੀ ਨੇ ਨਮਸ਼ਕਾਰ ਕੀਤੀ ਵ ਮਥਾ ਟੇਕਿਆ । ਇਸ ਦੇ ਪਿਛੋਂ ਸਾਰੇ ਮਨਿਸਟਰਾਂ ਨੇ ਨਮਸਕਾਰ ਵ ਮਥਾ ਟੇਕਿਆ । ਇਸ ਤੋਂ ਬਾਦ ਹਾਜ਼ਰੀਨ ਮਿਲਟਰੀ ਨੇ ਸਲਾਮੀ ਦਿਤੀ । ਸਭ ਤੋਂ ਪਹਿਲਾਂ ਏਹ ਪਵਿਤ੍ਰ ਸ਼ਸਤ੍ਰ ਲਾਲ ਬਹਾਦਰ ਸ਼ਾਸਤ੍ਰੀ ਨੇ ਅਪਨੇ ਹਥਾਂ ਤੇ ਲੈ ਕੇ ਔਰ ਨਮਸਕਾਰ ਕਰਕੇ ਗੌਰਮਿੰਟ ਪੰਜਾਬ ਨੂੰ ਦਿਤੇ । ਉਨ੍ਹਾਂ ਸ਼ਸਤ੍ਰਾਂ ਦਾ ਜਿਸ ਤਰ੍ਹਾਂ ਦਿਲੀ ਵਿਚ ਸਵਾਗਤ ਹੂਵਾ, ਸੇਵਾ ਪੂਜਾ ਨਜ਼ਰਾਨੇ ਭੇਟਾ, ਫੂਲਾਂ ਦੀ

ਵਰਖਾ ਹੋਈਆਂ ਵੋ ਸਭ ਸੰਗਤ ਜਾਨਦੀ ਹੈ । ਆਓ ਭਾਈ ਸ਼ੰਕਾਵਾਦੀਓ, ਦੇਖੋ ਅਖਾਂ ਖੋਲ੍ਹ ਕੇ । ਹਿੰਦੁਸਤਾਨ ਦਾ ਪ੍ਰਧਾਨ ਮੰਤ੍ਰੀ ਮਹਾਰਾਜ ਜੀ ਦੇ ਪਵਿਤ੍ਰ ਸ਼ਸਤ੍ਰਾਂ ਨੂੰ ਨਮਸ਼ਕਾਰ ਕਰਦਾ ਹੈ ਵ ਮਥਾ ਟੇਕਦਾ ਹੈ । ਤਾਂ ਪ੍ਰਮਾਨ ਕੇ ਜਾਨ ਲੋ ਕਿ ਪੂਰੇ ਹਿੰਦੁਸਤਾਨ ਦਾ ਸਿਰ ਸ਼ਸਤ੍ਰਾਂ ਦੇ ਅਗੇ ਝੁਕਦਾ ਹੈ ਵ ਮਥਾ ਟੇਕਦਾ ਹੈ । ਭਾਈ ਸ਼ੰਕਾਵਾਦੀ ਸਜਨੋਂ, ਤੁਹਾਡੀ ਗਰਦਨ ਵ ਸਿਰ ਗੁਰੂ ਸਾਹਿਬ ਜੀ ਦੇ ਪਵਿਤ੍ਰ ਸ਼ਸਤ੍ਰਾਂ ਦੇ ਅਗੇ ਕਿਉਂ ਨਹੀਂ ਝੁਕਦਾ ਔਰ ਤੁਸੀਂ ਕਿਉਂ ਨਹੀਂ ਮਥਾ ਟੇਕਦੇ ?

ੴ ਸਤਿਗੁਰਪ੍ਰਸਾਦਿ ॥

ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ ॥
ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥ [17]

ਮਾਨਯੋਗ ਸਾਧ ਸੰਗਤ ਜੀਓ, ਏਹ ਸ਼ੰਕਾਵਾਦੀਆਂ ਨੂੰ ਧਿਆਨ ਦੇ ਕੇ ਸੁਣਨਾ ਚਾਹੀਏ ਕਿ ਓਹ ਪਵਿਤ੍ਰ ਸ਼ਸਤ੍ਰ ਦਸ਼ਮੇਸ਼ ਪਿਤਾ ਜੀ ਦੇ ਦਿੱਲੀ ਤੋਂ ਅੰਮ੍ਰਿਤਸਰ ਸਾਹਿਬ ਜੀ ਤਕ ਕਿਤਨੀ ਪੂਜਾ, ਕਿਤਨਾ ਸਤਕਾਰ ਵ ਭੇਟਾ ਸੰਗਤਾਂ ਨੇ ਕੀਤੇ ਹੈਂ ਵ ਸਾਰੀ ਜੰਤਾ ਨੇ । ਪਤਾ ਨਹੀਂ ਕਿ ਸ਼ੰਕਾਵਾਦੀ ਸਜਨ ਮਹਾਰਾਜ ਜੀ ਦੇ ਸ਼ਸਤ੍ਰ ਸੇਵਾ ਪੂਜਾ ਤੋਂ ਕਿਉਂ ਨਫ਼ਰਤ ਕਰਦੇ ਹਨ ? ਅਗਰ ਪਿਛਲਾ ਮਹਾਰਾਜ ਜੀ ਦੇ ਸ਼ਸਤ੍ਰਾਂ ਦਾ ਇਤਹਾਸ ਅਖੀਂ ਨਹੀਂ ਦੇਖਿਯਾ, ਹੁਣ ਤਾਂ ਏਹ ਸ਼ਸਤ੍ਰਾਂ ਦੀ ਸੇਵਾ ਪੂਜਾ ਸਾਰਾ ਹਿੰਦੁਸਤਾਨ ਕਰ ਰਿਹਾ ਹੈ । ਹੁਣਿ ਤਾਂ ਆਓ ਸ਼੍ਰਧਾ ਵਿਚ ਹੋ ਕੇ, ਡਾਢੇ ਪ੍ਰੇਮ ਪਿਆਰ ਨਾਲ ਨਮਸ਼ਕਾਰ ਕਰੋ ਵ ਮਥਾ ਟੇਕੋ ।

ਮਾਨਯੋਗ ਸਾਧ ਸੰਗਤ ਜੀਓ, ਏਹ ਸ਼ੰਕਾਵਾਦੀ ਸਜਨਾਂ ਨੂੰ ਕਹੋ ਕਿ ਸਾਡੇ ਮਗਰ ਤੁਰੇ ਆਓ । ਅਸਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨਮਸਕਾਰ ਕਰਕੇ ਵ ਮਥਾ ਟੇਕ ਕੇ ਜਲਦੀ ਹਜ਼ੂਰ ਸਾਹਿਬ ਪਹੁੰਚਨਾ ਹੈ । ਜਿਸ ਵਖਤ ਮਹਾਰਾਜ ਜੀ ਦੇ ਸ਼ਸਤ੍ਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਏ ਅਨੰਦਪੁਰ ਸਾਹਿਬ ਸ੍ਰੀ ਕੇਸਗੜ੍ਹ ਤਖ਼ਤ ਸਾਹਿਬ ਨੂੰ, ਉਸ ਵਖਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵ ਸ਼੍ਰੋਮਣੀ ਕਮੇਟੀ ਗੁਰਦੁਵਾਰਾ ਪ੍ਰਬੰਧਕ ਕਮੇਟੀ, ਅਕਾਲੀ ਦਲ ਵਲੋਂ ਹੁਕਮ ਜਾਰੀ ਕੀਤਾ ਗਯਾ ਕਿ ਮਹਾਰਾਜ ਜੀ ਦੇ ਪਵਿਤ੍ਰ ਸ਼ਸਤ੍ਰਾਂ ਦਾ ਜਿਸ ਜਿਸ ਜਗ੍ਹਾ, ਜਿਸ ਜਿਸ ਸ਼ਹਿਰ ਵਿਚ ਜਾਣ ਵ ਪਹੁੰਚਨ, ਸੰਗਤਾਂ ਵ ਜਨਤਾ ਬੜ-ਚੜ ਕੇ ਸੇਵਾ-ਪੂਜਾ ਸੁਵਾਗਤ ਕਰੇ ਔਰ ਭੇਟਾ ਦਿਲ ਖੋਲ੍ਹ ਕੇ ਚੜ੍ਹਾਏ । ਸਾਧ ਸੰਗਤ ਜੀਓ, ਇਸ ਤਰ੍ਹਾਂ ਆਦਰ ਸਤਕਾਰ ਦੇ ਮੰਡਲ ਵਿਚੋਂ ਲੰਘਦੇ ਹੋਏ ਸਾਧ ਸੰਗਤ ਨੂੰ ਵ ਜੰਤਾ ਨੂੰ ਮੇਹਰ ਦੀ ਨਜ਼ਰ ਕਰਦੇ ਹੋਏ, ਆਸ਼ੀਰਵਾਦ ਦੇਂਦੇ ਹੋਏ ਅਗੇ ਜਾ ਕੇ ਚਾਰ ਦਸੰਬਰ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਪੁਜੇ । ਜਦ ਦਰਸ਼ਨ ਕੀਤੇ ਵ ਮਥਾ ਟੇਕਿਆ ਵ ਨਮਸ਼ਕਾਰ ਕੀਤੀ, ਏਕ ਤਰਫ਼ ਖੜੇ ਹੋ ਕੇ ਦਰਸ਼ਨ ਕਰਦੇ ਸੋਚਿਆ ਕਿ ਜਿਸ ਤਰ੍ਹਾਂ ਤਖ਼ਤ ਸਾਹਿਬ ਕਲਗੀਧਰ ਦਸ਼ਮੇਸ਼ ਪਿਤਾ ਜੀ ਦਾ ਫ਼ੋਟੂ ਹੈ ਔਰ ਮੰਜੀ ਸਾਹਿਬ ਕੇ ਪਿਛਲੇ ਪਾਸੇ ਮਹਾਰਾਜ ਜੀ ਦੇ ਵ ਸ਼ਹੀਦਾਂ ਸਿੰਘਾਂ ਕੇ ਸ਼ਸਤ੍ਰ ਸਜਾਏ ਹੋਏ ਹੈਂ, ਐਸਾ ਹੀ

[17] ਆਸਾ ਮਹਲਾ ੪, ਪੰਨਾ ੪੫੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਦਰਸ਼ਨ ਮਾਲੂਮ ਹੋਨੇ ਲਗਾ ਔਰ ਸੇਵਾ-ਪੂਜਾ ਮਹਾਰਾਜ ਜੀ ਦੇ ਸ਼ਸਤ੍ਰਾਂ ਔਰ ਫ਼ੋਟੂ ਕੀ ਏਸ ਸਮੇਂ ਭੀ ਜ਼ਿਆਦਾ ਹੋ ਰਹੀ ਸੀ । ਸੋ ਸ਼ੰਕਾਵਾਦੀਓ ਪ੍ਰੇਮੀਓ, ਦਸਮ ਪਾਤਸ਼ਾਹ ਸ਼ਸਤ੍ਰਾਂ ਬਾਰੇ ਇਸ ਤਰ੍ਹਾਂ ਫ਼ੁਰਮਾਉਂਦੇ ਹਨ : -

ਜਿਤੇ ਸ਼ਸਤ੍ਰ ਨਾਮੰ ॥ ਨਮਸਕਾਰ ਤਾਮੰ ॥

ਸੋ ਸਾਧ ਸੰਗਤ ਜੀਓ, ਕਲਗੀਧਰ ਦਸ਼ਮੇਸ਼ ਪਿਤਾ ਜੀ ਨੂੰ ਨਮਸ਼ਕਾਰ ਕਰਨੇ ਦੀ, ਪੂਜਾ ਕਰਨੇ ਦੀ ਕੋਈ ਜ਼ਰੂਰਤ ਨਹੀਂ ਸੀ । ਉਨ੍ਹਾਂ ਨੇ ਅਪਨੇ ਸਪੁਤ੍ਰ ਖ਼ਾਲਸਾ ਪੰਥ ਨੂੰ ਸਿਖਾਵਨ ਵਾਸਤੇ ਵ ਸਾਰੀ ਸਾਧ ਸੰਗਤ ਵਾਸਤੇ ਭਾਓ ਅਰਥ ਹੋਆ ਕਿ ਪਹਿਲੇ ਸੇ ਆਪ ਨਮਸ਼ਕਾਰ ਕਰਾਂਗੇ, ਤੋ ਸਾਰੇ ਕਰਨਗੇ । ਸੇਵਾ-ਪੂਜਾ ਨਮਸ਼ਕਾਰ ਸ਼ਸਤ੍ਰਾਂ ਨੂੰ ਕਰਨ ਤੋਂ ਨਹੀਂ ਰੁਕਨਗੇ । ਜਿਸ ਤਰ੍ਹਾਂ ਕਿ ਮਹਾਰਾਜ ਜੀ ਨੇ, ਗੁਰੂ ਸਾਹਿਬ ਜੀ ਨੇ ਪਹਿਲੇ ਅੰਮ੍ਰਤ ਤਿਆਰ ਕਰਕੇ ਪੰਜਾਂ ਪਿਆਰਿਆਂ ਨੂੰ ਛਕਾਯਾ, ਫਿਰ ਆਪ ਛਕਿਆ, ਤਾਂ ਕਿ ਅਗੇ ਜਾ ਕਿ ਸ਼ੰਕਾਵਾਦੀ ਕਹਿਣ ਨਾ ਏਦ੍ਹੀ ਕੀ ਜ਼ਰੂਰਤ ਹੈ । ਗੁਰੂ ਮਹਾਰਾਜ ਜੀ ਨੂੰ ਅਮ੍ਰਤ ਛਕਨ ਦੀ ਕੀ ਜ਼ਰੂਰਤ ਥੀ ? ਕਿਉਂਕਿ ਨਾਮ ਰੂਪੀ ਅਮ੍ਰਤ ਦੇ ਸਰੋਵਰ ਵਿਚੋਂ ਦੁਸ਼ਟ ਦਮਨ ਦੇ ਸਰੂਪ ਵਿਚ ਉਨ੍ਹਾਂ ਦਾ ਪ੍ਰਕਾਸ਼ ਹੋਇਯਾ ਸੀ ਵ ਪ੍ਰਗਟ ਹੋਏ ਸਨ । ਏਹ ਤਾਂ ਜਿਤਨੇ ਭੀ ਮਹਾਰਾਜ ਜੀ ਕੌਤਕ ਕਰਦੇ ਸਨ । ਇਸ ਵਾਸਤੇ ਜਿਸ ਤਰ੍ਹਾਂ ਕਿ ਆਦਿ ਬਾਣੀ ਵਿਚ ਮਹਾਰਾਜ ਜੀ ਫ਼ੁਰਮਾਉਂਦੇ ਹਨ :

ਗੁਰਸਿਖ ਮੀਤ ਚਲਹੁ ਗੁਰ ਚਾਲੀ ॥ [੧੮]

ਭਾਈ ਸ਼ੰਕਾਵਾਦੀਓ, ਦੇਖੋ ਦਿਲ ਨੂੰ ਏਕਾਗਰ ਕਰਕੇ ਦੇਖੋ, ਤੁਹਾਡਾ ਪਿਤਾ ਕਲਗੀਧਰ ਜੀ ਕਿਵੇਂ ਸ੍ਰੀ ਸਾਹਿਬ ਵ ਸ਼ਸਤ੍ਰਾਂ ਨੂੰ ਨਮਸ਼ਕਾਰ ਕਰ ਰਹੇ ਹਨ । ਅਪਨੀ ਸ੍ਰੀ ਮੁਖਵਾਕ ਬਾਣੀ ਵਿਚ ਫ਼ੁਰਮਾਉਂਦੇ ਹਨ :

ਨਮਸਕਾਰ ਸ੍ਰੀ ਖੜਗ ਕੋ ਕਰੋ ਸੋ ਹਿਤ ਚਿਤ ਲਾਇ ॥

ਆਓ ਭਾਈ ਪ੍ਰੇਮੀਓ ਸ਼ੰਕਾਵਾਦੀਓ, ਦਸ਼ਮੇਸ਼ ਪਿਤਾ ਜੀ ਨੂੰ ਨਮਸ਼ਕਾਰ ਕਰਦੇ ਹੋਏ ਦੇਖਕੇ ਤੁਸੀਂ ਵੀ ਸ਼੍ਰਧਾ ਵਿਚ ਹੋ ਕੇ ਨਮਸ਼ਕਾਰ ਕਰੋ ਔਰ ਅਪਨੀ ਯਾਤਰਾ ਸਫਲ ਕਰਦੇ ਹੋਏ ਕਲਗੀਧਰ ਸਚੇ ਪਾਤਸ਼ਾਹ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ।

ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥ [੧੯]

---

[੧੮] ਧਨਾਸਰੀ ਮਹਲਾ ੪, ਪੰਨਾ ੬੬੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੯] ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਆਓ ਸਾਧਸੰਗਤ, ਸ਼ਸਤ੍ਰ ਪੂਜਾ ਬਾਰੇ ਕੁਛ ਹੋਰ ਵਿਚਾਰ ਕਰੀਏ, ਕਿਉਂਕਿ ਅਜ ਦਿਨ ਦੀਵਾਲੀ ਦਾ ਆ ਗਯਾ ਹੈ । ਹਰ ਕੌਮ ਆਪ ਅਪਨੇ ਹਥਿਯਾਰ ਦੀ ਵ ਨੰਨ ਦੀ ਪੂਜਾ ਕਰਦੇ ਹਨ । ਬੇਪਾਰੀ, ਮਾਰਵਾੜੀ ਅਪਨੇ ਵਹੀ-ਖਾਤੇ ਦੀ ਪੂਜਾ ਕਰਦੇ ਹਨ, ਰਾਮਗੜ੍ਹੀਏ ਵ ਕਾਰੀਗਰ ਅਪਨੇ ਮਸ਼ੀਨਾਂ, ਇੰਜਨ, ਔਜਾਰ, ਹਥਿਯਾਰੋਂ ਕੀ ਪੂਜਾ, ਬਾਨੀਏ ਵਹੀ-ਖਾਤਿਓਂ ਕੀ ਔਰ ਧਨ ਕੀ ਕਰਤੇ ਹੈਂ ।

## ਸ਼ਸਤ੍ਰ ਕੀ ਪੂਜਾ

ਏਸ ਦਿਨ ਪਰ ਹਰ ਕੋਈ ਅਪਨੇ ਅਪਨੇ ਹਥਿਯਾਰੋਂ ਕੀ ਪੂਜਾ ਕਰਤੇ ਹੈ । ਬਾਮਨ ਪੰਡਤ ਅਪਨੇ ਬੇਦ ਸ਼ਾਸਤ੍ਰੋਂ ਕੀ ਪੂਜਾ ਕਰਤੇ ਹੈਂ । ਛਤ੍ਰੀ, ਰਾਜਪੂਤ, ਸੋਢੀ ਹਥਿਯਾਰੋਂ ਕੀ, ਸੂਰਜ ਬੰਸੀ ਅਪਨੇ ਸ਼ਸਤਰੋਂ ਕੀ ਪੂਜਾ ਕਰਤੇ ਹੈਂ । ਜਿਸ ਤਰ੍ਹਾਂ ਕਿ ਦਸ਼ਮੇਸ਼ ਪਿਤਾ ਜੀ ਨੇ ਸ੍ਰੀ ਮੁਖਵਾਕ ਬਾਣੀ ਵਿਚ ਫ਼ੁਰਮਾਯਾ ਹੈ: -

ਅਸਿ ਕਿਰਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥ ਸੈਫ਼ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥

ਇਸੀ ਤਰ੍ਹਾਂ ਸਾਧ ਸੰਗਤ ਜੀਓ, ਖ਼ਾਲਸਾ ਸੋਢ ਬੰਸ ਵ ਛਤ੍ਰੀ ਹੋਨ ਕਰਕੇ, ਕਿਉਂਕਿ ਜਦ ਪੰਜ ਪਿਆਰੇ ਅਮ੍ਰਤ ਛਕਾ ਕੇ ਸਿਖਯਾ ਦੇਂਦੇ ਹਨ ਕਿ ਅਜ ਤੋਂ ਤੁਹਾਡਾ ਜਨਮ ਨਵਾਂ ਹੋਇਆ ਹੈ । ਜਨਮ ਪਟਨਾ ਸਾਹਿਬ, ਵਾਸੀ ਅਨੰਦਪੁਰ, ਮਾਤਾ ਸਾਹਿਬ ਦੇਵਾਂ ਵ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ । ਸੋ ਸਾਧ ਸੰਗਤ ਜੀਓ, ਦਸ਼ਮੇਸ਼ ਪਿਤਾ ਜੀ ਦੇ ਸਪੁਤ੍ਰ ਹੋਨੇ ਕਰਕੇ ਵ ਸਿੱਖ ਹੋਨੇ ਕਰ ਕੇ ਸਭ ਅੰਮ੍ਰਿਤਧਾਰੀਆਂ ਦੀ ਜਾਤ ਸੋਢਬੰਸ ਭਾਵ ਕਿ ਛਤ੍ਰੀ ਔਰ ਛਤ੍ਰੀਆਂ ਦੀ ਪੂਜਾ ਹਥਿਯਾਰੋਂ ਕੀ ਹੈ । ਇਸੀ ਵਾਸਤੇ ਸ੍ਰੀ ਤਖ਼ਤ ਹਜ਼ੂਰ ਸਾਹਿਬ ਪਰ ਹਜ਼ੂਰੀ ਸਿੰਘ ਸ਼ਸਤ੍ਰ ਕੀ ਪੂਜਾ ਕਰਤੇ ਹੈਂ ।

ੴ ਸਤਿਗੁਰਪ੍ਰਸਾਦਿ ॥

ਸਲੋਕੁ ॥ ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥ ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥ ੧ ॥ [੨੦]
ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ ਕਾਮਿ ਕਰੋਧਿ ਨ ਮੋਹਿਐ ਬਿਨਸੈ ਲੋਭੁ ਸੁਆਨੁ ॥ ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥ ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥ ੧੨ ॥ [੨੧]

---

[੨੦] ਗਉੜੀ ਸੁਖਮਨੀ ਮ ੫, ਪੰਨਾ ੨੮੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੨੧] ਬਾਰਹ ਮਾਹਾ ਮਾਂਝ ਮਹਲਾ ੫, ਪੰਨਾ ੧੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਆਓ ਸਾਧ ਸੰਗਤ ਜੀਓ, ਅਜ ਮਾਘੀ ਦੀ ਸੰਗਰਾਂਦ ਹੈ । ਚਲੋ ਆਪਾਂ ਅਜ ਮਾਤਾ ਸਾਹਿਬ ਜੀ ਦੇ ਅਸਥਾਨ ਜੀ ਦੇ ਦਰਸ਼ਨ ਕਰੀਏ ਵ ਗੁਰਦਵਾਰਾ ਸਾਹਿਬ ਦਰਸ਼ਨ ਕਰੀਏ । ਸਾਧ ਸੰਗਤ ਜੀਓ, ਸ਼ੰਕਾਵਾਦੀਆਂ ਨੂੰ ਕਹੋ ਕਿ ਓਹ ਭੀ ਸਾਡੇ ਨਾਲ ਚਲਨ । ਜਦ ਅਸੀਂ ਸਾਰੇ ਮਾਤਾ ਸਾਹਿਬ ਜੀ ਦੇ ਗੁਰਦਵਾਰੇ ਪਹੁੰਚੇ, ਦਰਸ਼ਨ ਦੀਦਾਰੇ ਕਰਕੇ ਸ੍ਰੀ ਗੁਰੂ ਗ੍ਰਿੰਥ ਸਾਹਿਬ ਮਹਾਰਾਜ ਜੀ ਨੂੰ ਨਮਸ਼ਕਾਰ ਵ ਮਥਾ ਟੇਕ ਕੇ ਮਾਤਾ ਸਾਹਿਬ ਜੀ ਦੇ ਮੰਜੀ ਸਾਹਿਬ ਦੇ ਦਰਸ਼ਨ ਕਰਨ ਨੂੰ ਹਾਜ਼ਰ ਹੋਏ, ਦਰਸ਼ਨ ਕਰਕੇ ਮਥਾ ਟੇਕ ਕੇ ਖੜੇ ਹੋ ਕੇ ਦਰਸ਼ਨ ਕੀਤੇ । ਇਸ ਅਸਥਾਨ ਤੇ ਭੀ ਵ ਮੰਜੀ ਸਾਹਿਬ ਤੇ ਮਹਾਰਾਜ ਜੀ ਦੇ ਸ਼ਸਤ੍ਰਾਂ ਦੀ ਸੇਵਾ ਪੂਜਾ ਹੁੰਦੀ ਹੈ ।

ਇਥੇ ਮੰਜੀ ਸਾਹਿਬ ਤੇ ਸ਼ਸਤ੍ਰ ਹਨ । ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਦੂਸ੍ਰੀ ਜਗ੍ਹਾ ਕੁਛ ਫ਼ਾਸਲੇ ਤੇ ਪ੍ਰਕਾਸ਼ ਹੁੰਦਾ ਹੈ । ਏਹ ਅਸਥਾਨ ਜਿਨ੍ਹਾਂ ਨੇ ਆਬਾਦ ਕੀਤਾ ਹੈ, ਉਹ ਬੁੱਢੇ ਦਲ ਵਿਚ ਮੰਨੇ ਪ੍ਰ ਮੰਨੇ ਹਸਤੀ ਸਨ । ਬ੍ਰਹਮਗਿਆਨੀ ੧੦੮ ਬਾਬਾ ਮਿਤ ਸਿੰਘ ਜੀ ਨਿਹੰਗ ਸਿੰਘਾਂ ਦੇ ਬਾਣੇ ਵਿਚ ਹੁੰਦੇ ਹੋਏ ਇਤਨੇ ਸ਼ਾਂਤ ਵ ਇਤਨਾ ਸਤੋ ਗੁਣੀ ਸੁਭਾ ਸੀ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਮਨ ਮੇਂ ਸ਼ਾਂਤੀ ਆ ਜਾਂਦੀ ਸੀ । ਏਹ ਦੋਵੇਂ ਮਹਾਨ ਹਸਤੀਆਂ, ਸ੍ਰੀਮਾਨ ੧੦੮ ਬਾਬਾ ਧਰਮ ਸਿੰਘ ਜੀ ਨਿਹੰਗ ਸਿੰਘ ਔਰ ੧੦੮ ਬ੍ਰਹਮਗਿਆਨੀ ਬਾਬਾ ਮਿਤ ਸਿੰਘ ਜੀ ਮਹਾਰਾਜ, ਜਦ ਏਹ ਦੋਵੇਂ ਹਸਤੀਆਂ ਇਸ ਅਸਥਾਨ ਤੇ ਬੈਠੇ ਔਰ ਨਿਵਾਸ ਕੀਤਾ, ਉਸ ਵਖਤ ਸਿਰਫ਼ ਮੰਜੀ ਸਾਹਿਬ ਦੇ ਚੌਫੇਰੀ ਮੰਜੀ ਸਾਹਿਬ ਮੇਂ ਪ੍ਰਕਰਮਾ ਲੈਨ ਜੋਗੀ ਜਗ੍ਹਾ ਹੀ ਸੀ ਮਸਾਂ । ਇਨ੍ਹਾਂ ਦੇ ਜਪ, ਤਪ, ਭਜਨ, ਬੰਦਗੀ ਔਰ ਸੇਵਾ ਦਾ ਸਦਕਾ ਇਸ ਵਖਤ ਮਾਤਾ ਸਾਹਿਬ ਜੀ ਦੇ ਅਸਥਾਨ ਤੇ ੨੪ ਘੰਟੇ ਲੰਗ੍ਰ ਚਲ ਰਿਹਾ ਹੈ ਅਤੇ ਸ੍ਰੀਮਾਨ ਨਿਹੰਗ ਕਰਤਾਰ ਸਿੰਘ ਜੀ ਮੌਜੂਦਾ ਜਥੇਦਾਰ ਭੀ ਉਸੀ ਤਰ੍ਹਾਂ ਲੰਗ੍ਰ ਚਲਾ ਰਿਹਾ ਹੈ । ਔਰ ਬੇਅੰਤ ਜ਼ਮੀਨ ਵ ਖੇਤ ਸ੍ਰੀ ਮਾਤਾ ਸਾਹਿਬ ਜੀ ਦੇ ਅਸਥਾਨ ਦੇ ਨਾਮ ਪ੍ਰ ਹਨ । ਏਹ ਮਹਾਪੁਰਸ਼ ਦੋਵੇਂ ਸ੍ਰੀ ਤਖ਼ਤ ਹਜ਼ੂਰ ਸਾਹਿਬ ਵਾਲੀ ਔਰ ਬੁਢੇ ਦਲ ਵਾਲੀ ਮ੍ਰਿਜਾਦਾ ਨੂੰ ਮੁਖ ਰਖਦੇ ਹੁੰਦੇ ਸਨ । ਇਸਤਰ੍ਹਾਂ ਹੀਰਾਘਾਟ ਸਾਹਿਬ ਮੰਜੀ ਸਾਹਿਬ ਪ੍ਰ ਸ਼ਸਤ੍ਰਾਂ ਦੀ ਸੇਵਾ-ਪੂਜਾ ਹੁੰਦੀ ਹੈ । ਇਸਤਰ੍ਹਾਂ ਸ਼ਿਕਾਰਘਾਟ ਗੁਰਦਵਾਰਾ ਸਾਹਿਬ ਵਿਚ ਭੀ ਸ਼ਸਤ੍ਰਾਂ ਦੀ ਸੇਵਾ-ਪੂਜਾ ਹੁੰਦੀ ਹੈ । ਇਸੀਤਰ੍ਹਾਂ ਉਥੋਂ ਚਲਕੇ ਅਸੀਂ ਨਗੀਨੇਘਾਟ ਤੇ ਸ੍ਰੀ ਮਾਨਯੋਗ ਮਹਾਨ ਹਸਤੀ ਬਾਬਾ ਨਿਧਾਨ ਸਿੰਘ ਜੀ ਦੇ ਬੁੰਗੇ ਦਰਸ਼ਨ ਕਰਨ ਹਾਜ਼ਰ ਹੋਏ ਵ ਗਏ । ਉਥੇ ਭੀ ਤਖ਼ਤ ਹਜ਼ੂਰ ਸਾਹਿਬ ਵਾਂਗੂੰ ਸ਼ਸਤ੍ਰਾਂ ਦੀ ਸੇਵਾ-ਪੂਜਾ ਅੰਦਰ ਹੁੰਦੀ ਹੈ, ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਦਾ ਪ੍ਰਕਾਸ਼ ਬਾਹਰ ਹੁੰਦਾ ਹੈ, ਸੇਵਾ ਪੂਜਾ ਹੁੰਦੀ ਹੈ ।

## ਬਾਬਾ ਨਿਧਾਨ ਸਿੰਘ

ਏਹ ਸ੍ਰੀਮਾਨ ਬਾਬਾ ਸਾਹਿਬ ਜੀ ਨੂੰ ਕਲਗੀਧਰ ਦਸ਼ਮੇਸ਼ ਪਿਤਾ ਜੀ ਨੇ ਪ੍ਰਤਖ ਦਰਸ਼ਨ ਦੇ ਕੇ ਏਹ ਥਾਂ ਬੈਠਨ ਦਾ ਵ ਦੇਗ਼ ਚਲਾਵਨ ਦੀ ਆਗਯਾ ਕੀਤੀ ਸੀ ਵ ਹੁਕਮ ਦਿਤਾ ਸੀ । ਜਿਸਤਰ੍ਹਾਂ ਕਿ ਗੁਰੂ ਸਾਹਿਬ ਜੀ ਨੇ ਭਾਈ ਸੰਤੋਖ ਸਿੰਘ ਜੀ ਨੂੰ ਹੁਕਮ ਕੀਤਾ ਸੀ :

ਇਸ ਥਲ ਰਹ੍ਹੁ ਦੇਗ ਵਰਤਾਉ ।

ਇਸੀਤਰ੍ਹਾਂ ਮੌਜੂਦਾ ਸਮੇਂ ਵਿਚ ਗੁਰੂ ਸਾਹਿਬ ਜੀ ਨੇ ਬਾਬਾ ਨਿਧਾਨ ਸਿੰਘ ਜੀ ਨੂੰ ਉਸੀਤਰ੍ਹਾਂ ਹੁਕਮ ਕੀਤਾ ਸੀ ਕਿ ਨਗੀਨੇਘਾਟ ਬੈਠੋ ਔਰ ਦੇਗ ਚਲਾਓ, ਭਾਉ ਅਰਥ ਲੰਗਰ ਚਲਾਓ । ਜੋ ਬਾਬਾ ਜੀ ਦੇ ਵਖਤ ਬੇ-ਮਿਸਾਲ ਲੰਗ੍ਰ ਗੁਰੂ ਸਾਹਿਬ ਜੀ ਦੇ ਹੁਕਮ ਨਾਲ ਚਲਿਆ, ਜੋ ਹੁਣ ਤਕ ਉਨ੍ਹਾਂ ਦੇ ਜਾਨਸ਼ੀਨ ਸ੍ਰੀਮਾਨਯੋਗ ਬਾਬਾ ਹਰਨਾਮ ਸਿੰਘ ਜੀ ਉਸੀਤਰ੍ਹਾਂ ੨੪ ਘੰਟੇ ਚਲਾ ਰਹੇ ਹੈਂ ।

ਸਾਧ ਸੰਗਤ ਜੀਓ, ਏਹ ਸ਼ੰਕਾਵਾਦੀ ਏਹ ਉਪ੍ਰਲੇ ਦੋਵੇਂ ਮਹਾਪੁਰਸ਼ ਬਾਬਾ ਮਿਤ ਸਿੰਘ ਜੀ ਨਾਲੋਂ ਭੀ ਉਚੇ ਜੀਵਨ ਰਖਦੇ ਹਨ ਯਾ ਉਨ੍ਹਾਂ ਨਾਲੋਂ ਜਾਦਾ ਵਿਦਵਾਨ ਹਨ ਯਾ ਇਨ੍ਹਾਂ ਨੇ ਕਦੇ ਕਲਗੀਧਰ ਦਸ਼ਮੇਸ਼ ਪਿਤਾ ਯਾ ਗੁਰੂ ਨਾਨਕ ਨਿਰੰਕਾਰੀ ਜੀ ਕੇ ਦਰਸ਼ਨ ਕੀਤੇ ਹਨ ਕਿ ਜੇੜ੍ਹੇ ਕਹਿੰਦੇ ਹਨ ਸ਼ੰਕਾਵਾਦੀ ਸਜਨ ਕਿ ਏਹ ਫ਼ੋਟੂ ਮਹਾਰਾਜ ਜੀ ਦਾ ਗ਼ਲਤ ਹੈ । ਜੇ ਮਹਾਰਾਜ ਜੀ ਦੇ ਫ਼ੋਟੂ ਗ਼ਲਤ ਹੁੰਦੇ, ਤਾਂ ਸ੍ਰੀਮਾਨ ਸੰਤ ਬਾਬਾ ਨਿਧਾਨ ਸਿੰਘ ਜੀ, ਸੰਤ ਮਹਾਰਾਜ ਬਾਬਾ ਨੰਦ ਸਿੰਘ ਕਲੇਰਾਂ ਵਾਲੇ ਯਾ ਬਾਬਾ ਸਾਹਿਬ ਮਿਤ ਸਿੰਘ ਮਾਤਾ ਸਾਹਿਬ ਵਾਲੇ ਯਾ ਮਹਾਨ ਹਸਤੀ ਬਾਬਾ ਕਰਮ ਸਿੰਘ ਜੀ ਮਹਾਰਾਜ ਏਹ ਉਪ੍ਰ ਦਿਤੇ ਗਏ ਮਹਾਂਪੁਰਸ਼ਾਂ ਦੇ ਨਾਮ ਏਨ੍ਹਾਂ ਨੂੰ ਕਲਗੀਧਰ ਦਸ਼ਮੇਸ਼ ਪਿਤਾ ਔਰ ਗੁਰੂ ਨਾਨਕ ਨਿਰੰਕਾਰੀ ਜੀ ਨਾਮਦੇਵ ਜਿਸਤਰ੍ਹਾਂ ਭਗਵਾਨ ਨੇ ਬਹਤ੍ਰ ਦਫ਼ਾ ਦਰਸ਼ਨ ਦਿਤੇ ਸਨ । ਜਿਸਤਰ੍ਹਾਂ ਕਿ ਗੁਰਬਾਣੀ ਵਿਚ ਜ਼ਿਕਰ ਆਇਆ ਕਿ

ਨਾਮਦੇਵ ਹਰਿ ਜੀਉ ਬਸਹਿ ਸੰਗਿ ॥ [੨੨]

ਪਿਛੇ ਉਪ੍ਰਲੇ ਮਹਾਂਪੁਰਸ਼ਾਂ ਦੇ ਨਾਮ ਇਨਾਂ ਨਾਲ ਦਸ਼ਮੇਸ਼ ਪਿਤਾ ਜੀ ਸਦਾ ਅੰਗ ਸੰਗ ਰਹਿੰਦੇ ਸਨ ।

ਸਦਾ ਅੰਗ ਸੰਗ ਅਭੰਗੰ ਬਿਭੂਤੇ ॥

ਇਨ੍ਹਾਂ ਮਹਾਪੁਰਸ਼ਾਂ ਨੇ ਕਦੀ ਸੰਗਤ ਨੂੰ ਮਹਾਰਾਜ ਜੀ ਦੇ ਫ਼ੋਟੂ ਬਾਰੇ ਕਦੇ ਨਹੀਂ ਕਿਹਾ ਕਿ ਏਹ ਗ਼ਲਤ ਹਨ, ਨਾ ਹੀ ਕਦੇ ਅਪਨੇ ਨਿਜ ਸੇਵਕ ਨਿਕਟਵਰਤੀਆਂ ਨੂੰ ਕਿਹਾ ਹੈ ਕਿ ਏਹ ਸ਼ਸਤ੍ਰ ਪੂਜਾ ਯਾ ਫ਼ੋਟੂ ਪੂਜਾ ਗ਼ਲਤ ਹੈ ਵ ਗੁਰਮਤ ਦੇ ਵਿਰੁਧ ਹੈ । ਪਤਾ ਨਹੀਂ ਕਿ ਸ਼ੰਕਾਵਾਦੀ ਸਾਨੂੰ ਕਿਹੜੇ ਯੂਰਪ ਦੀ ਰਹਿਤ ਮ੍ਰਯਾਦਾ ਦਾ ਵਰਨਨ ਕਰ ਰਹੇ ਹਨ ਵ ਸਿਖਾਵਨ ਆਏ ਹਨ ?

## ਸ਼ਸਤ੍ਰਾਂ ਨੂੰ ਭੋਗ ਲਗਾਉਣਾ

ਆਓ ਸਾਧ ਸੰਗਤ ਜੀ, ਸ਼ੰਕਾਵਾਦੀ ਕਹਿੰਦੇ ਹੋਏ ਸੁਨੀਂਦੇ ਹਨ ਕਿ ਇਥੇ ਹਜ਼ੂਰੀ ਸਿੰਘ ਵ ਸੇਵਾਦਾਰ ਮਹਾਰਾਜ ਜੀ ਦੇ, ਅੰਦਰ ਥਾਲ ਫ਼ੋਟੂ ਕੇ ਸਾਮਨੇ ਰਖ ਕੇ ਸ਼ਸਤ੍ਰਾਂ ਅਗੇ ਰਖ ਕਰ ਭੋਗ ਲਗਾਉਂਦੇ ਹਨ । ਸ਼ਸਤ੍ਰਾਂ ਨੂੰ ਭੋਗ

[੨੨] ਬਸੰਤੁ, ਮਹਲਾ ੫, ਪੰਨਾ ੧੧੯੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਲਗਾਉਣਾ ਕਿਥੇ ਲਿਖਾ ਹੈ ? ਸ਼ੰਕਾਵਾਦੀ ਸਜਨੋ, ਇਸ ਦਾ ਜ਼ਿਕਰ ਪਿਛੇ ਆ ਚੁਕਾ ਹੈ ਕਿ ਜਿਸ ਵਕਤ ਦਸ਼ਮੇਸ਼ ਪਿਤਾ ਜੀ ਨੇ ਮਾਤਾ ਸਾਹਿਬ ਦੇਵਾਂ ਜੀ ਨੂੰ ਹੁਕਮ ਕੀਤਾ ਸੀ ਕਿ ਦਿੱਲੀ ਜਾਉ, ਭਾਈ ਰਾਮ ਕੁਇਰ ਜੀ ਦੇ ਨਾਲ, ਮਾਤਾ ਜੀ ਨੇ ਹਥ ਜੋੜ ਕੇ ਬੇਨਤੀ ਕੀਤੀ ਸੀ ਕਿ ਮਹਾਰਾਜ ਜੀ, ਅਸੀਂ ਆਪ ਦੇ ਦਰਸ਼ਨ ਬਿਨ੍ਹਾਂ ਪ੍ਰਸ਼ਾਦਾ ਕਿਸਤਰ੍ਹਾਂ ਛਕਾਂਗੇ ? ਏਹ ਸੁਣ ਕਰ ਗੁਰੂ ਸਾਹਿਬ ਜੀ ਨੇ ਪੰਜ ਸ਼ਸਤ੍ਰ ਦਿਤੇ ਕਿ ਏਹ ਮੇਰਾ ਸਰੂਪ ਹਨ । ਇਨ੍ਹਾਂ ਦੇ ਦਰਸ਼ਨ ਕਰਕੇ ਔਰ ਸੇਵਾ ਪੂਜਾ ਕਰਕੇ ਇਨ੍ਹਾਂ ਸ਼ਸਤ੍ਰਾਂ ਨੂੰ ਭੋਗ ਲਗਾ ਕੇ ਛਕ ਲੀਆ ਕਰੋ । ਸੋ ਸਾਧ ਸੰਗਤ ਜੀਓ, ਏਹ ਸ਼ੰਕਾਵਾਦੀਆਂ ਨੂੰ ਧਿਆਨ ਦੇਨਾ ਚਾਹੀਏ ਕਿ ਸ਼ਸਤ੍ਰਾਂ ਨੂੰ ਭੋਗ ਲਗਾਉਣ ਦੀ ਮ੍ਰਜਾਦਾ ਉਦੋਂ ਤੋਂ ਚਲੀ ਹੂਈ ਹੈ ਮਹਾਰਾਜ ਜੀ ਦੇ ਹੁਕਮ ਨਾਲ ।

ਸਾਧ ਸੰਗਤ ਜੀਓ, ਏਹ ਹੁਕਮ ਮਹਾਰਾਜ ਜੀ ਨੇ ਏਸੇ ਇਲਾਕੇ ਵਿਚ ਕੀਤਾ ਸੀ । ਉਸ ਵਖਤ ਜੇੜ੍ਹੇ ਸਿੰਘ ਮਹਾਰਾਜ ਜੀ ਦੇ ਨਾਲ ਸਨ, ਉਨ੍ਹਾਂ ਸਾਰਿਆਂ ਨੇ ਏਹ ਮਹਾਰਾਜ ਜੀ ਦਾ ਹੁਕਮ ਸੁਨਿਆ ਹੋਇਆ ਸੀ । ਜਦ ਕਲਗੀਧਰ ਦਸ਼ਮੇਸ਼ ਪਿਤਾ ਜੀ ਅਲੋਪ ਹੋ ਗਏ ਸਨ, ਉਸ ਵਖਤ ਜੇੜ੍ਹੇ ਸਿੰਘ, ਖ਼ਾਲਸਾ, ਸੰਗਤਾਂ ਮਹਾਰਾਜ ਜੀ ਦੇ ਨਾਲ ਸਨ, ਓਹ ਗੁਰੂ ਸਾਹਿਬ ਜੀ ਦੇ ਵਿਛੋੜੇ ਵਿਚ ਬੇਹਬਲਤਾ ਹਾਲਤ ਵਿਚ ਵੈਰਾਗ ਵਿਚ ਸਨ, ਮਾਈ ਭਾਗੋ ਆਦਿਕ । ਉਨ੍ਹਾਂ ਨੂੰ ਗੁਰੂ ਸਾਹਿਬ ਤੋਂ ਬਿਨ੍ਹਾਂ ਖਾਨਾ ਪੀਨਾ ਤੇ ਅਛਾ ਨਹੀਂ ਲਗਦਾ, ਕਿਉਂਕਿ ਲੰਗਰ ਤਿਆਰ ਹੋ ਕਰ ਪਹਿਲਾ ਥਾਲ ਗੁਰੂ ਸਾਹਿਬ ਜੀ ਵਾਸਤੇ ਆਂਵਦਾ ਸੀ । ਫੇਰ ਪੰਗਤਾਂ ਲਗ ਜਾਂਦੀਆਂ ਸਨ । ਲੰਗਰ ਵਰਤਨਾ ਸ਼ੁਰੂ ਹੋ ਜਾਂਦਾ ਸੀ । ਗੁਰੂ ਸਾਹਿਬ ਜੀ ਤੋਂ ਬਿਨ੍ਹਾਂ ਸਾਰੀ ਸੰਗਤ ਨੂੰ ਵਿਆਕੁਲ ਦੇਖ ਕਰ ਮੁਖੀ ਸਜਨਾਂ ਵ ਜਥੇਦਾਰਾਂ ਏਹ ਗੁਰਮਤਾ ਪਾਸ ਕੀਤਾ ਕਿ ਜੋ ਹੁਕਮ ਮਾਤਾ ਜੀ ਨੂੰ ਕਲਗੀਧਰ ਦਸ਼ਮੇਸ਼ ਪਿਤਾ ਜੀ ਨੇ ਕੀਤਾ ਹੈ, ਉਸਤਰ੍ਹਾਂ ਹੀ ਪਹਿਲਾ ਥਾਲ ਮਹਾਰਾਜ ਜੀ ਦੇ ਸ਼ਸਤ੍ਰਾਂ ਨੂੰ ਗੁਰੂ ਸਾਹਿਬ ਦਾ ਸਰੂਪ ਸਮਝ ਕੇ ਉਨ੍ਹਾਂ ਦੇ ਹੁਕਮ ਦੀ ਪਾਲਨਾ ਕਰਦੇ ਹੋਏ, ਉਸ ਤੋਂ ਬਾਦ ਸਾਰੀਆਂ ਸੰਗਤਾਂ ਨੂੰ ਲੰਗ੍ਰ ਵਰਤਾਯਾ ਜਾਏ । ਸ੍ਰਬਤ ਸੰਗਤਾਂ ਉਸੇਤਰ੍ਹਾਂ ਪ੍ਰੇਮ ਨਾਲ ਛਕਨ, ਜਿਸਤਰ੍ਹਾਂ ਕਿ ਮਹਾਰਾਜ ਜੀ ਦੇ ਹੁੰਦੇ ਛਕਦੇ ਸਨ । ਹਾਜ਼ਰੀਨ ਸ੍ਰਬਤ ਸਾਧ ਸੰਗਤ ਨੇ ਏਹ ਗੁਰਮਤਾ ਪ੍ਰਵਾਨ ਕਰ ਲੀਆ । ਪ੍ਰਵਾਨਗੀ ਦਾ ਜੈਕਾਰਾ ਗਜਾਯਾ ਗਿਆ । ਉਸੇ ਦਿਨ ਤੋਂ ਲੰਗਰ ਤਿਆਰ ਹੋਏ ਬਾਦ ਪੰਜ ਥਾਲ ਮਹਾਰਾਜ ਜੀ ਦੇ ਸ਼ਸਤ੍ਰਾਂ ਦੇ ਭੋਗ ਵਾਸਤੇ ਪਹਿਲੇ ਆਂਵਦੇ, ਕਿਉਂਕਿ ਗੁਰੂ ਸਾਹਿਬ ਜੀ ਜਿਥੇ ਸੁਸ਼ੋਭਿਤ ਹੋਨ ਵ ਪ੍ਰਸ਼ਾਦਾ ਛਕਨਾ ਹੋਵੇ, ਤਾਂ ਪੰਜਾਂ ਪਿਆਰਿਆਂ ਸਮੇਤ ਛਕਦੇ ਸਨ । ਪਹਿਲੇ ਮਹਾਰਾਜ ਜੀ ਭੋਗ ਲਾਂਵਦੇ ਸਨ, ਪਿਛੋਂ ਪੰਜ ਪਿਆਰੇ ਛਕ ਲੈਂਦੇ ਸਨ । ਗੁਰੂ ਸਾਹਿਬ ਜੀ ਦਾ ਸੀਤ ਪ੍ਰਸਾਦ । ਸਾਧ ਸੰਗਤ ਜੀਓ, ਸ਼ਸਤ੍ਰਾਂ ਨੂੰ ਭੋਗ ਲਾਵਨ ਦਾ ਪ੍ਰਸੰਗ ਆਪਨੇ ਭਲੀ ਪ੍ਰਕਾਰ ਸੁਣਿ ਲੀਆ ਹੈ । ਉਸ ਦਿਨ ਤੋਂ ਸ਼ਸਤ੍ਰਾਂ ਨੂੰ ਭੋਗ ਲਾਵਨ ਔਰ ਪੰਜ ਥਾਲ ਮਹਾਰਾਜ ਜੀ ਦੀ ਹਜ਼ੂਰੀ ਲਿਆ ਕੇ ਏਹ ਮ੍ਰਿਜਾਦਾ ਉਦੋਂ ਤੋਂ ਸ਼ੁਰੂ ਹੋਈ ਹੈ ।

## ਰਾਏ ਕੱਲਾ

ਸੋ ਸਾਧ ਸੰਗਤ ਜੀਓ, ਸ਼ਸਤ੍ਰਾਂ ਦਾ ਪ੍ਰਸੰਗ ਭੀ ਆਪ ਜੀ ਨੇ ਸੁਣਿ ਲੀਆ ਹੈ ਕਿ ਮਹਾਰਾਜ ਜੀ ਨੇ, ਗੁਰੂ ਸਾਹਿਬ ਜੀ ਨੇ ਰਾਏ ਕੱਲਾ ਨੂੰ ਸ੍ਰੀ ਸਾਹਿਬ ਬਖ਼ਸ਼ੀ ਸੀ ਔਰ ਬਚਨ ਕੀਤਾ ਵ ਹੁਕਮ ਕੀਤਾ ਏਹ ਸ੍ਰੀ ਸਾਹਿਬ ਦੀ ਸੇਵਾ ਪੂਜਾ ਅਦਬ ਸਤਕਾਰ ਕਰਦੇ ਰਹੋਗੇ, ਰਾਜ ਭਾਗ ਉਤਨਾਂ ਚਿਰ ਅਟਲ ਰਹੇਗਾ । ਕਿਸਤਰ੍ਹਾਂ ਰਾਏ ਕੱਲੇ

ਦੇ ਪੋਤ੍ਰੇ ਨੇ ਗਲ ਪਾ ਕੇ ਘੋੜੇ ਤੇ ਅਸਵਾਰ ਹੋ ਕੇ ਸ਼ਿਕਾਰ ਗਿਆ, ਕਿਸਤਰ੍ਹਾਂ ਘੋੜਾ ਵਿਚਕ ਵ ਡਰਿਆ ਔਰ ਘੋੜੇ ਤੋਂ ਡਿਗ ਕੇ ਉਸੀ ਸ੍ਰੀ ਸਾਹਿਬ ਨਾਲ ਖ਼ਤਮ ਹੋ ਗਿਆ । ਪਿਛੋਂ ਰਾਜ ਭਾਗ ਸਬ ਬ੍ਰਬਾਦ ਹੋ ਗਿਆ । ਸੋ ਸਾਧ ਸੰਗਤ ਜੀ, ਆਪਨੇ ਏਹ ਸ਼ੰਕਾਵਾਦੀਆਂ ਦੇ ਮਗਰ ਨਹੀਂ ਲਗਨਾ ਵ ਇਨ੍ਹਾਂ ਦੇ ਕਹਿਨੇ ਅਨੁਸਾਰ ਨਹੀਂ ਚਲਨਾ । ਅਪਨੇ ਗੁਰੂ ਸਾਹਿਬ ਦੇ ਹੁਕਮ ਦੀ ਪਾਲਨਾ ਕਰਦੇ ਹੋਏ ਖ਼ਾਲਸਾ ਰਾਜ ਦੀ ਸਲਾਮਤੀ ਗੁਰੂ ਸਾਹਿਬ ਤੋਂ ਮੰਗਦੇ ਰਹਿਨਾ ਹੈ, ਕਿਉਂਕਿ ਮਹਾਰਾਜ ਜੀ ਦਾ ਹੁਕਮ ਹੈ : -

ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨ ਕੋਇ ।

ਸਾਧ ਸੰਗਤ ਜੀਓ, ਇਸੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਤਖ਼ਤ ਹਜ਼ੂਰ ਸਾਹਿਬ ਤੇ ਸ਼ਸਤ੍ਰਾਂ ਦੀ ਸੇਵਾ-ਪੂਜਾ ਹੋ ਰਹੀ ਹੈ ।